ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 192 Monday, October 07, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਟਰੰਪ ਖਿਲਾਫ ਦੂਜਾ ਵ੍ਹਿਸਲਬਲੋਅਰ ਆਇਆ ਸਾਹਮਣੇ

## ਇੰਪੀਚਮੈਂਟ ਦੇ ਮੁੱਦੇ ਨੂੰ ਮਿਲ ਸਕਦਾ ਹੈ ਬਲ



ਵਾਸ਼ਿੰਗਟਨ, 6 ਅਕਤੂਬਰ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਯੂਕਰੇਨ ਨਾਲ ਹੋਈ ਡੀਲਿੰਗ ਬਾਰੇ ਇੱਕ ਹੋਰ ਵ੍ਹਿਸਲਬਲੋਅਰ ਸਾਹਮਣੇ ਆਇਆ ਹੈ। ਇਸ ਦੇ ਨਾਲ ਹੀ ਟਰੰਪ ਖਿਲਾਫ ਇੰਪੀਚਮੈਂਟ ਸਬੰਧੀ ਕੀਤੀ ਜਾਣ ਵਾਲੀ ਜਾਂਚ ਦੇ ਮੁੱਦੇ ਨੂੰ ਹੋਰ ਬਲ ਮਿਲ ਗਿਆ ਹੈ। ਇਸ ਇੰਪੀਚਮੈਂਟ ਲਈ ਡੈਮੋਕ੍ਰੈਟਸ ਦਾ ਪੱਖ ਹੋਰ ਮਜ਼ਬੂਤ ਹੋਇਆ ਹੈ।

ਦੋਵਾਂ ਵ੍ਹਿਸਲਬਲੋਅਰਜ਼ ਦੀ ਨੁਮਾਇੰਦਗੀ ਕਰਨ ਵਾਲੇ ਅਟਾਰਨੀ ਮਾਰਕ ਜ਼ਾਇਦ ਨੇ ਆਖਿਆ ਕਿ ਦੂਜੇ ਵ੍ਹਿਸਲਬਲੋਅਰ ਨੇ ਖੁਫੀਆ ਕਮਿਊਨਿਟੀ ਦੇ ਅੰਤਰਿਮ ਵਾਚਡੌਗ ਨਾਲ ਗੱਲ ਕੀਤੀ ਹੈ ਤੇ ਉਹ ਪਹਿਲੇ ਵ੍ਹਿਸਲਬਲੋਅਰ ਦੀ ਸ਼ਿਕਾਇਤ ਵਿੱਚ ਸਹਿਯੋਗ ਦੇ ਸਕਦਾ ਹੈ। ਉਸ ਦਸਤਾਵੇਜ਼ ਵਿੱਚ ਇਹ ਦੋਸ਼ ਲਾਇਆ ਗਿਆ ਸੀ ਕਿ ਟਰੰਪ ਵੱਲੋਂ ਯੂਕਰੇਨ ਦੇ ਰਾਸ਼ਟਰਪਤੀ ਉੱਤੇ ਡੈਮੋਕ੍ਰੈਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋਅ ਬਾਇਡਨ ਦੇ ਪਰਿਵਾਰ ਦੀ ਜਾਂਚ ਲਈ ਦਬਾਅ ਪਾਇਆ ਗਿਆ ਸੀ। ਜ਼ਾਇਦ ਨੇ ਆਖਿਆ ਕਿ ਦੂਜੇ ਵ੍ਹਿਸਲਬਲੋਅਰ ਵੱਲੋਂ ਰੱਖੀ ਜਾਣ ਵਾਲੀ ਗੱਲ ਇਸ ਲਈ ਵੀ ਅਹਿਮ ਹੈ ਕਿਉਂਕਿ ਉਹ ਇੰਟੈਲੀਜੈਂਸ ਦੇ ਖੇਤਰ ਵਿੱਚ ਹੀ ਕੰਮ ਕਰਦਾ ਹੈ ਤੇ ਕਈ ਅਹਿਮ ਮਾਮਲਿਆਂ ਦੀ ਉਸ ਕੋਲ ਪ੍ਰਤੱਖ ਜਾਣਕਾਰੀ ਹੈ।

ਦੂਜੇ ਵ੍ਹਿਸਲਬਲੋਅਰ ਦੇ ਸਾਹਮਣੇ ਆਉਣ ਨਾਲ ਟਰੰਪ ਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਮੂਲ ਸ਼ਿਕਾਇਤ ਝੂਠੀ ਹੋਣ ਦੇ ਕੀਤੇ ਜਾ ਰਹੇ ਦਾਅਵਿਆਂ ਉੱਤੇ ਸਵਾਲ ਖੜ੍ਹੇ ਹੋ ਗਏ ਹਨ। ਉਨ੍ਹਾਂ ਵੱਲੋਂ ਅਜੇ ਵੀ ਇਸ ਨੂੰ ਸਿਆਸੀ ਤੌਰ ਉੱਤੇ ਪ੍ਰੇਰਿਤ ਦੱਸਿਆ ਜਾ ਰਿਹਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਮੂਲ ਸ਼ਿਕਾਇਤ ਉੱਤੇ ਯਕੀਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਜਾਣਕਾਰੀ ਸੈਕਿੰਡਹੈਂਡ ਜਾਂ ਥਰਡਹੈਂਡ ਹੈ। ...ਬਾਕੀ ਪੰਨਾ 6 'ਤੇ

# ਸਰਕਾਰ ਤੇ ਯੂਨੀਅਨ ਦੌਰਾਨ ਸਮਝੌਤਾ, ਹੜ੍ਹਤਾਲ ਟਲੀ

## -ਸਕੂਲ ਆਮ ਵਾਂਗ ਖੁੱਲ੍ਹੇ ਰਹਿਣਗੇ



ਟੋਰਾਂਟੋ, 6 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਦੇਰ ਰਾਤ ਓਂਟਾਰੀਓ ਦੇ ਸਿੱਖਿਆ ਮੰਤਰੀ ਸਟੀਫਨ ਲੀਚੇ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਵੱਖ-ਵੱਖ ਐਜੂਕੇਸ਼ਨ ਬੋਰਡ ਦੇ ਕਾਮਿਆਂ ਨਾਲ ਉਨ੍ਹਾਂ ਦੀਆਂ ਮੰਗਾਂ 'ਤੇ ਸਮਝੌਤੇ ਉਤੇ ਪਹੁੰਚ ਚੁੱਕੇ ਹਾਂ। ਉਨ੍ਹਾਂ ਕਿਹਾ ਕਿ ਕੱਲ੍ਹ ਨੂੰ ਆਮ ਵਾਂਗ ਸਕੂਲ ਖੁੱਲ੍ਹਣਗੇ। ਕੁੱਝ ਸਰਕਾਰ ਦੀਆਂ ਮੰਨੀਆਂ ਗਈਆਂ ਤੇ ਕੁੱਝ ਸਕੂਲ ਦੇ ਕਾਮਿਆਂ ਦੀਆਂ ਮੰਨੀਆਂ ਗਈਆਂ। ਇਸੇ ਤਰ੍ਹਾਂ ਹੀ ਯੂਨੀਅਨ ਦੀ ਸਪੋਕਸਪਰਸਨ ਨੇ ਦੱਸਿਆ ਕਿ ਸਾਡਾ ਸਰਕਾਰ ਨਾਲ ਸਮਝੌਤਾ ਹੋ ਗਿਆ ਹੈ। ਅਸੀਂ ਕੱਲ੍ਹ ਤੋਂ ਸਾਰੇ ਆਮ ਵਾਂਗ ਕੰਮ 'ਤੇ ਜਾਵਾਂਗੇ। ਉਨ੍ਹਾਂ ਕਿਹਾ ਕਿ ਸਾਡੀਆਂ ਮੰਨੀਆਂ ਗਈਆਂ ਮੰਗਾਂ ਦੀ ਲਿਸਟ 'ਤੇ ਜਦ ਤੱਕ ਯੂਨੀਅਨ ਦੇ ਮੈਂਬਰ ਬਹੁ ਸੰਮਤੀ ਨਾਲ ਸਹਿਮਤੀ ਨਹੀਂ ਦਿਖਾਉਂਦੇ ਉਦੋਂ ਤੱਕ ਅਸੀਂ ਲਿਸਟ ਜਨਤਕ ਕਰਨ ਤੋਂ ਅਸਮਰਥ ਰਹਾਂਗੇ।

# ਸੀਰੀਆਈ ਕੈਂਪਾਂ ਵਿੱਚ ਬੰਦ ਕੈਨੇਡੀਅਨ ਔਰਤਾਂ ਤੇ ਬੱਚਿਆਂ ਨੂੰ ਛੁਡਵਾਉਣ ਲਈ ਸਾਬਕਾ ਐਨਡੀਪੀ ਆਗੂ ਨੇ ਉਠਾਈ ਆਵਾਜ਼



ਓਟਵਾ, 6 ਅਕਤੂਬਰ (ਪੋਸਟ ਬਿਊਰੋ) : ਸੀਰੀਆ ਦੇ ਡਿਟੈਨਸ਼ਨ ਕੈਂਪਸ ਵਿੱਚ ਰੱਖੇ ਗਏ ਕੈਨੇਡੀਅਨ ਔਰਤਾਂ ਤੇ ਬੱਚਿਆਂ, ਜਿਨ੍ਹਾਂ ਦੇ ਕੈਨੇਡਾ ਪਰਤਣ ਦੀ ਆਸ ਬਹੁਤ ਮੱਠੀ ਹੈ, ਦੇ ਸਬੰਧ ਵਿੱਚ ਐਨਡੀਪੀ ਦੇ ਸਾਬਕਾ ਆਗੂ ਐੱਡ ਬਰੌਡਬੈਂਟ ਵੱਲੋਂ ਆਵਾਜ਼ ਉਠਾਈ ਜਾ ਰਹੀ ਹੈ।

1975 ਤੋਂ 1989 ਤੱਕ ਐਨਡੀਪੀ ਦੇ ਆਗੂ ਰਹੇ ਐੱਡ ਬਰੌਡਬੈਂਟ ਮਨੁੱਖੀ ਅਧਿਕਾਰਾਂ ਲਈ ਵੀ ਸੰਘਰਸ਼ ਕਰਦੇ ਰਹੇ ਹਨ। ਬਰੌਡਬੈਂਟ ਵੱਲੋਂ ਕੈਨੇਡੀਅਨ ਸਰਕਾਰ ਨੂੰ ਇਹ ਗੁਜ਼ਾਰਿਸ਼ ਕੀਤੀ ਜਾ ਰਹੀ ਹੈ ਕਿ ਉਹ ਪੂਰਬੀ ਸੀਰੀਆ ਦੇ ਅਲ-ਹੋਲ ਰਫਿਊਜੀ ਕੈਂਪ ਵਿੱਚ ਫਸੇ ਕੈਨੇਡੀਅਨ ਔਰਤਾਂ ਤੇ ਬੱਚਿਆਂ ਨੂੰ ਵਾਪਿਸ ਮੁਲਕ ਲਿਆਉਣ ਵਿੱਚ ਮਦਦ ਕਰੇ। ਇੱਕ ਈਵੈਂਟ ਵਿੱਚ ਬਰੌਡਬੈਂਟ ਨੇ ਦੂਜੀ ਵਿਸ਼ਵ ਜੰਗ ਦੌਰਾਨ ਜੈਪਨੀਜ਼-ਕੈਨੇਡੀਅਨਾਂ ਖਿਲਾਫ ਹੋਈਆਂ ਵਧੀਕੀਆਂ ਦੀ ਗੱਲ ਕਰਦਿਆਂ ਆਖਿਆ ਕਿ ਉਸ ਸਮੇਂ ਉਨ੍ਹਾਂ ਨੂੰ ਨਜ਼ਰਬੰਦ ਹੀ ਨਹੀਂ ਕੀਤਾ ਗਿਆ ਸਗੋਂ ਉਨ੍ਹਾਂ ਦੀ ਸੰਪਤੀ ਵੀ ਜ਼ਬਤ ਕਰ ਲਈ ਗਈ ਤੇ ਕੁੱਝ ਮਾਮਲਿਆਂ ਵਿੱਚ ਉਨ੍ਹਾਂ ਨੂੰ ਜਲਾਵਤਨ ਵੀ ਕੀਤਾ ਗਿਆ। ਕਈ ਦਹਾਕੇ ਪਹਿਲਾਂ ਹੋਈਆਂ ਇਨ੍ਹਾਂ ਵਧੀਕੀਆਂ ਨੂੰ ਬਰੌਡਬੈਂਟ ਨੇ ਸੀਰੀਆ ਵਿੱਚ ਨਜ਼ਰਬੰਦ ਕੈਨੇਡੀਅਨਾਂ ਨਾਲ ਵੀ ਜੋੜਿਆ।

ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਨੁਕਤਾ ਬਹੁਤ ਹੀ ਸਾਧਾਰਨ ਹੈ। ਉਨ੍ਹਾਂ ਦੇ ਕਹਿਣ ਦਾ ਭਾਵ ਹੈ ਕਿ ਉਸ ਸਮੇਂ ਜੈਪਨੀਜ਼-ਕੈਨੇਡੀਅਨਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਸੀ ਤੇ ਹੁਣ ਨਿੱਕੀ ਪੱਧਰ ਉੱਤੇ ਹੀ ਸਹੀ ਪਰ ਉਹੀ ਗਲਤੀਆਂ ਦੁਹਰਾਈਆਂ ਜਾ ਰਹੀਆਂ ਹਨ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਫਾਰੂਕ ਤੇ ਉਮਰ ਅਬਦੁੱਲਾ 62 ਦਿਨਾਂ ਪਿੱਛੋਂ ਆਪਣੀ ਪਾਰਟੀ ਦੇ ਆਗੂਆਂ ਨੂੰ ਮਿਲੇ



ਪੰਨਾ 4


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
AvonFinancial Inc.
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


Ride Ontario's Heritage Railway
SPECIAL RIDES
FALL COLOURS TOURS
Oct 5,6, Oct 12,13,14 & Oct 19, 20
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜ਼ਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ
SOUTH SIMCOE RAILWAY
ONTARIO'S FIRST STEAM HERITAGE RAILWAY
Ask about on-board Birthday Parties!
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca
GPS 44 . 01 . 19 N
79 . 48 . 27 W
or call:905.936.5815


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਇੱਕ ਦਿਨ ਕਿਹਾ ਸੀ ਖੁਦ ਅਕਾਲੀਆਂ ਨੇ,
ਭਾਜਪਾ ਨਾਲ ਕੋਈ ਸਾਂਝ ਨਾ ਰਹੀ ਭਾਈ।
ਰੱਖਿਆ ਮਾਣ ਹਰਿਆਣੇ ਵਿੱਚ ਜਦੋਂ ਨਾਹੀਂ,
ਗੱਡੀ ਲੀਹ ਤੋਂ ਤਾਹੀਂਓਂ ਇਹ ਲਹੀ ਭਾਈ।
ਮੰਨਦੇ ਈ ਮੰਗ ਨਾ ਮੰਗਣ ਸਲਾਹ ਸਾਡੀ,
ਆਪਣਾ ਕੀਤਾ ਹਨ ਸਮਝਦੇ ਸਹੀ ਭਾਈ।
ਕਰਦਾ ਚਿੱਤ ਨਹੀਂ ਤੋੜਨ ਨੂੰ ਸਾਂਝ ਬੇਸ਼ੱਕ,
ਅਸੀਂ ਵੀ ਅੱਕ ਕੇ ਗੱਲ ਆਹ ਕਹੀ ਭਾਈ।
ਲੰਘਿਆ ਤੀਜਾ ਨਹੀਂ ਦਿਨ ਤੇ ਲੋਕ ਵੇਖਣ,
ਫਿਰ ਤੋਂ ਤੋੜ ਲਿਆ ਵਰਤ ਅਕਾਲੀਆਂ ਨੇ।
ਕਰਿਆ ਟੂਣਾ ਕੁਝ ਦਿੱਲੀ ਨੇ ਨਵਾਂ ਕਹਿੰਦੇ,
ਲਿਆ ਕੁਝ ਪਾਸਾ ਹੈ ਪਰਤ ਅਕਾਲੀਆਂ ਨੇ।

**ਤੀਸ ਮਾਰ ਖਾਂ**

# ਜੇਸਨ ਕੈਨੀ ਨੇ ਪੀਲ ਖੇਤਰ ਦੇ ਉਮੀਦਵਾਰਾਂ ਦੇ ਹੱਕ ’ਚ ਕੀਤਾ ਚੋਣ ਪ੍ਰਚਾਰ




ਬਰੈਂਪਟਨ, 6 ਅਕਤੂਬਰ (ਪੋਸਟ ਬਿਊਰੋ)- ਅਲਬਰਟਾ ਦੇ ਪ੍ਰੀਮੀਅਰ ਤੇ ਫੈਡਰੇਲ ਸਰਕਾਰ ਵਿਚ ਵੱਖ-ਵੱਖ ਵਿਭਾਗਾਂ ’ਚ ਮੰਤਰੀ ਰਹਿ ਚੁੱਕੇ ਸਿਆਸੀ ਆਗੂ ਜੇਸਨ ਕੈਨੀ ਵਲੋਂ ਬਰੈਪਟਨ ਦੇ ਵੱਖ-ਵੱਖ ਉਮੀਦਵਾਰਾਂ ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਚੋਣ ਪ੍ਰਚਾਰ ਕੀਤਾ। ਸ਼ਨਿਚਰਵਾਰ ਦੀ ਸ਼ਾਮ ਨੂੰ ਉਨ੍ਹਾਂ ਅਰਪਨ ਖੰਨਾ ਦੇ ਕੰਪੇਨ ਆਫਿਸ ’ਚ ਇਕ ਵੱਡੇ ਇਕੱਠ ਨੂੰ ਸੰਬੋਧਨ ਕੀਤਾ। ਇਸ ਇਕੱਠ ’ਚ ਜੇਸਨ ਕੈਨੀ ਨਾਲ ਹੱਥ ਮਿਲਾਉਣ, ਹੈਲੋ ਕਰਨ ਤੇ ਫੋਟੋਆਂ ਖਿਚਵਾਉਣ ਵਾਲਿਆਂ ਦਾ ਅੱਛਾ-ਖਾਸਾ ਇਕੱਠ ਸੀ। ਕੱਲ੍ਹ ਐਤਵਾਰ ਨੂੰ ਉਨ੍ਹਾਂ ਪਹਿਲਾਂ ਨਾਨਕਸਰ ਗੁਰੂਘਰ ਵਿਖੇ ਰਮਨ ਬਰਾੜ ਦੇ ਹੱਕ ’ਚ ਚੋਣ ਪ੍ਰਚਾਰ ਕੀਤੇ ਫੇਰ ਪਵਨਜੀਤ ਗੋਸਲ ਵਲੋਂ ਆਯੋਜਿਤ ਬਾਰਬੀਕਿਊ ’ਤੇ ਆ ਕੇ ਵੱਡੇ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਮੈਂ ਪਿਛਲੇ ਸਾਲ ਹੀ ਐਲਾਨ ਕਰ ਚੁੱਕਿਆ ਸੀ ਕਿ ਜਸਟਿਨ ਟਰੂਡੋ ਨੂੰ ਹਰਾਉਣ ਲਈ ਮੈਂ ਕੈਨੇਡਾ ਭਰ ਦੇ ਦੌਰੇ ਕਰਾਂਗਾ ਤਾਂ ਜੋ ਕਿ ਲੋਕਾਂ ਨੂੰ ਇਸ ਘਟੀਆ ਰਾਜ ਪ੍ਰਬੰਧ ਤੋਂ ਛੁਟਕਾਰਾ ਮਿਲ ਸਕੇ। ਉਨ੍ਹਾਂ ਕਿਹਾ ਕਿ ਜਸਟਿਨ ਟਰੂਡੋ ਨੇ ਜਿਥੇ ਅਲਬਰਟਾ ਦੀ ਤੇਲ




ਇੰਡਸਟਰੀ ਨੂੰ ਖਤਮ ਕੀਤਾ ਹੈ, ਉਥੇ ਹੀ ਪੂਰੇ ਕੈਨੇਡਾ ਭਰ ਦੀ ਆਰਥਿਕਤਾ ਨੂੰ ਖਤਮ ਕਰਨ ’ਤੇ ਤੁਲੇ ਹੋਏ ਹਨ। ਉਨ੍ਹਾਂ ਕਿਹਾ ਕਿ ਲਿਬਰਲ ਦੇ ਹੋਰ ਚਾਰ ਸਾਲਾਂ ਦਾ ਮਤਲਬ ਦੇਸ਼ ਨੂੰ ਇਕ ਵੱਡੇ ਕਰਜ਼ੇ ਵੱਲ ਧੱਕਣਾ ਹੈ। ਆਪਣੇ ਦੌਰੇ ਦੌਰਾਨ ਜੇਸਨ ਕੈਨੀ ਨੇ ਆਪਣੇ ਕਈ ਪੁਰਾਣੇ ਸਿਆਸੀ ਹਰਕਤ ਕਰਤਾਵਾਂ ਨੂੰ ਵੀ ਮਿਲ ਕੇ ਚੋਣ ਪ੍ਰਚਾਰ ਕਰਨ ਲਈ ਉਤਸ਼ਾਹਿਤ ਕੀਤਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਪੰਜਾਬ ਵਿੱਚ ਭਾਜਪਾ ਦੀ ਚੜ੍ਹਤ ਵਾਸਤੇ ਆਰ ਐੱਸ ਐੱਸ ਵੱਲੋਂ ‘ਮਿਸ਼ਨ 2022’ ਸ਼ੁਰੂ

### * ਸੰਘ ਦੀ ਅਚਾਨਕ ਵਧੀ ਸਰਗਰਮੀ ਤੋਂ ਅਕਾਲੀ ਆਗੂ ਚਿੰਤਤ

ਚੰਡੀਗੜ੍ਹ, 6 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੀ ਰਾਜਨੀਤੀ ਵਿੱਚ ਇੱਕਦਮ ਇੱਕ ਨਵਾਂ ਮੋੜ ਮਹਿਸੂਸ ਕਰਨ ਦੇ ਨਾਲ ਹੀ ਅਕਾਲੀ ਲੀਡਰਾਂ ਦੀ ਚਿੰਤਾ ਦੀਆਂ ਖਬਰਾਂ ਆਉਣ ਲੱਗੀਆਂ ਹਨ। ਭਾਰਤੀ ਜਨਤਾ ਪਾਰਟੀ ਨੂੰ ਅੱਗੇ ਲਾ ਕੇ ਇਸ ਰਾਜ ਵਿੱਚ ਵਿੱਚ ਭਗਵਾਂ ਝੰਡਾ ਝੁਲਾਉਣ ਲਈ ਆਰ ਐੱਸ ਐੱਸ ਵੱਲੋਂ ਇੱਕਦਮ ਵਧਾਈ ਗਈ ਸਰਗਰਮੀ ਦੇ ਨਾਲ ਹੀ ਅਕਾਲੀ ਆਗੂਆਂ ਵਿੱਚ ਤਨਾਅ ਵਰਗੀ ਸਥਿਤੀ ਹੈ। ਹਰਿਆਣਾ ਵਿੱਚ ਅਕਾਲੀ ਦਲ ਨੂੰ ਚੋਣ ਗੱਠਜੋੜ ਤੋਂ ਇਨਕਾਰ ਕਰਨ ਦਾ ਝਟਕਾ ਦੇਣ ਦੇ ਬਾਵਜੂਦ ਭਾਜਪਾਨੇ ਉੱਪ ਚੋਣਾਂ ਵਿੱਚ ਅਕਾਲੀ ਦਲ ਨਾਲ ਭਾਵੇਂ ਸਾਂਝ ਰੱਖੀ ਹੈ, ਪਰ ਅੰਦਰੋਂ ਏਦਾਂ ਦੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ ਕਿ ਅਸਲੀ ਲੜਾਈ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਹੈ।

ਆਪਣੀ ਇਸ ਰਣਨੀਤੀ ਹੇਠ ਆਪਣਾ ਸਿੱਖ ਵਿਰੋਧੀ ਵਾਲਾ ਦਾਗ਼ ਧੋਣ ਲਈਭਾਜਪਾ ਤਾਂ ਸਰਗਰਮ ਹੋਈ ਹੀ ਹੈ, ਉਸ ਦੇ ਨਾਲ ਆਰ ਐੱਸ ਐੱਸ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਹੈ। ਨਰਿੰਦਰ ਮੋਦੀ ਸਰਕਾਰ ਨੇ ਪਿਛਲੇ ਸਮੇਂ ਵਿੱਚਜਿਵੇਂ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਨਾਲਪ੍ਰਵਾਸੀਆਂ ਸਿੱਖਾਂ ਦੀ ਕਾਲੀ ਸੂਚੀ ਖ਼ਤਮ ਕਰਨ ਦੇ ਐਲਾਨ ਕੀਤੇ ਅਤੇ ਪਿਛਲੇ ਹਫਤੇ ਅਚਾਨਕਕੁਝ ਖਾਲਿਸਤਾਨ ਪੱਖੀਆਂ ਦੀਆਂ ਸਜ਼ਾਵਾਂ ਮੁਆਫ਼ ਕਰਵਾਉਣ ਦੇ ਨਾਲ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਾਇਆ ਹੈ, ਇਸ ਪਿੱਛੋਂ ਇਸ ਰਾਜ ਦੇ ਕਈ ਸਿੱਖ ਸੰਤਾਂ ਤੱਕ ਉਸ ਵੱਲੋਂ ਪਹੁੰਚ ਕਰਨ ਨਾਲ ਕਈ ਚਰਚੇ ਛਿੜ ਗਏ ਹਨ।

ਪਤਾ ਲੱਗਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਅਤੇ ਭਾਜਪਾ ਵੱਲੋਂਭਵਿੱਖ ਵਿੱਚ ਭਾਜਪਾ ਦੇ ਰਾਜਨੀਤਕ ਲਾਭ ਵਾਸਤੇ ਇੱਕ ਬਾਕਾਇਦਾ ਰਣਨੀਤੀ ਦਾ ਕੰਮ ਸ਼ੁਰੂ ਹੋ ਗਿਆ ਹੈ। ਇਹ ਖੁੱਲ੍ਹੀ ਚਰਚਾ ਚੱਲਣ ਲੱਗੀ ਹੈ ਕਿ ਪੰਜਾਬ ਦੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰਾਲਾ ਬਾਦਲ ਵਿਰੋਧੀ ਸਿੱਖਾਂ ਦੇ ਆਧਾਰ ਦਾ ਪੈਮਾਨਾ ਮਾਪਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਵਾਸਤੇ ਵਿਚਾਰ ਕਰਨ ਲੱਗ ਪਿਆ ਹੈ। ਜਾਣਕਾਰ ਸੂਤਰਾਂ ਮੁਤਾਬਕਆਰ ਐੱਸ ਐੱਸ ਦੇ ਸੁਝਾਅ ਉੱਤੇ ਕੇਂਦਰ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖਾਂ ਦਾ ਝੁਕਾਅ ਪਾਰਟੀ ਵੱਲ ਕਰਨ ਲਈ ਕੁਝ ਹੋਰ ਫ਼ੈਸਲੇ ਵੀ ਲੈਣ ਦੀ ਨੀਤੀ ਬਣਾਈ ਹੈ। ਇਸ ਦੇ ਨਾਲ ਭਾਜਪਾ ਦੀ ਸੂਬਾ ਲੀਡਰਸ਼ਿਪ ਵੱਲੋਂਹਾਲ ਦੀ ਘੜੀ ਅਕਾਲੀ ਦਲ ਨਾਲ ਸਾਂਝ ਰੱਖ ਕੇ ਵੀ ਉੱਪ ਚੋਣਾਂ ਵਿੱਚ ਸਮੁੱਚੀ ਸਰਗਰਮੀ ਆਪਣੇ ਸਿਰ ਅਤੇ ਅਕਾਲੀ ਦਲ ਨਾਲੋਂ ਫਾਸਲਾ ਰੱਖ ਕੇ ਚਲਾਉਣ ਦੀ ਨੀਤੀ

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਫੇਸ ਮਾਸਕ ਉੱਤੇ ਪਾਬੰਦੀ ਪਿੱਛੋਂ ਲੋਕ ਹਾਂਗਕਾਂਗ ਦੀਆਂ ਸੜਕਾਂ ਉੱਤੇ ਮਾਸਕ ਪਹਿਨ ਕੇ ਉਤਰੇ

ਹਾਂਗਕਾਂਗ, 6 ਅਕਤੂਬਰ, (ਪੋਸਟ ਬਿਊਰੋ)- ਹਾਂਗਕਾਂਗ ਵਿੱਚ ਲੋਕਤੰਤਰ ਦੀ ਮੰਗ ਕਰਦੇ ਅੰਦੋਲਨਕਾਰੀ ਅੱਜ ਚੀਨ ਦੀ ਸਰਕਾਰ ਵੱਲੋਂ ਫੇਸ ਮਾਸਕ ਪਹਿਨਣ ਉੱਤੇ ਲਾਈ ਪਾਬੰਦੀ ਦੇ ਵਿਰੋਧ ਵਿੱਚ ਨਿਕਲ ਆਏ। ਅੱਜ ਐਤਵਾਰ ਨੂੰ 10 ਹਜ਼ਾਰ ਲੋਕਾਂ ਨੇ ਫੇਸ ਮਾਸਕ ਪਹਿਨ ਕੇ ਮੁਜ਼ਾਹਰਾ ਕੀਤਾ। ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਤਾਂ ਮੁਜ਼ਾਹਰਾਕਾਰੀਆਂ ਤੇ ਪੁਲਿਸ ਵਿਚਕਾਰ ਜ਼ੋਰਦਾਰ ਝੜਪ ਵੀ ਹੋਈਤੇ ਹਾਲਾਤ ਤਨਾਅ ਵਾਲੇ ਬਣੇ ਹੋਏ ਹਨ।ਪਤਾ ਲੱਗਾ ਹੈ ਕਿ ਅੱਜ ਐਤਵਾਰ ਲੋਕਾਂ ਨੇ ਪੱਥਰ ਤੇ ਪੈਟਰੋਲ ਬੰਬ ਸੁੱਟੇਤਾਂ ਪੁਲਿਸ ਨੇ ਅੱਥਰੂ ਗੈਸ ਦੇ ਗੋਲ਼ੇ ਤੇ ਰਬੜ ਬੁਲੇਟ ਚਲਾਈਆਂ। ਕਈ ਥਾਂਲੋਕਾਂ ਨੇ ਪੁਲਿਸ ਵੱਲੋਂ ਚਲਾਏ ਗਏ ਅੱਥਰੂ ਗੈਸ ਦੇ ਗੋਲ਼ਿਆਂ ਨੂੰ ਵਾਪਸ ਪੁਲਿਸ ਉੱਤੇ ਸੁੱਟ ਦਿੱਤਾ। ਇਸ ਦੌਰਾਨ ਸਰਕਾਰ ਨੇ ਆਮ ਲੋਕਾਂ ਨੂੰ ਘਰਾਂ ਦੇ ਅੰਦਰ ਹੀ ਰਹਿਣ ਤੇ ਖਿੜਕੀਆਂ ਦਰਵਾਜ਼ੇ ਬੰਦ ਰੱਖਣ ਦੀ ਸਲਾਹ ਦਿੱਤੀ ਹੈ।

ਵਰਨਣ ਯੋਗ ਹੈ ਕਿ ਚੀਨ ਸਰਕਾਰ ਨੇ ਹਾਂਗਕਾਂਗਦਾ ਅੰਦੋਲਨ ਕਾਬੂ ਕਰਨ ਲਈ ਫੇਸ ਮਾਸਕ ਪਹਿਨਣਦੀ ਰੋਕ ਲਾਈ ਸੀ, ਪਰ ਦੋ ਦਿਨਾਂ ਵਿੱਚਇਸ ਦਾ ਉਲਟਾ ਅਸਰ ਹੋਇਆ। ਅੱਜ ਲਗਪਗ ਸਾਰੇ ਲੋਕ ਫੇਸ ਮਾਸਕ ਪਾ ਕੇ ਮੁਜ਼ਾਹਰਾ ਕਰਨ ਆਏ ਸਨ। ਐਤਵਾਰ ਨੂੰ ਪੁਲਿਸ ਨੇ ਵੱਡੀ ਗਿਣਤੀ ਵਿੱਚ ਫੇਸ ਮਾਸਕ ਵਾਲੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਅਦਾਲਤ ਵਿੱਚ ਇਹ ਗੱਲ ਸਾਬਤ ਹੋਈ ਤਾਂ ਫੇਸ ਮਾਸਕ ਪਹਿਨਣ ਵਾਲੇ ਲੋਕਾਂ ਨੂੰ ਇਕ ਸਾਲ ਸਜ਼ਾ ਹੋ ਸਕਦੀ ਹੈ। ਸ਼ਾਮ ਪੈਣ ਤੱਕ ਹਾਂਗਕਾਂਗ ਵਿੱਚ ਜਗ੍ਹਾ-ਜਗ੍ਹਾ ਮੁਜ਼ਾਹਰੇ ਹੁੰਦੇ ਰਹੇ ਅਤੇ ਪੁਲਿਸ ਨੇ ਲਾਠੀਚਾਰਜ, ਪੈਪਰ ਸਪ੍ਰੇਅ ਅਤੇ ਅੱਥਰੂ ਗੈਸ ਨਾਲ ਲੋਕਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਹਾਲਾਤ ਵਿਗੜ ਗਏ ਅਤੇ ਪੁਲਿਸ ਉੱਤੇ ਪਥਰਾਅ ਅਤੇ ਪੈਟਰੋਲ ਬੰਬ ਸੁੱਟੇ ਜਾਣ ਲੱਗ ਪਏ। ਅੰਦੋਲਨਕਾਰੀਆਂ ਨੇ ਕਿਹਾ ਹੈ ਕਿ ਉਹ ਪਾਬੰਦੀਆਂ ਅੱਗੇ ਨਹੀਂ ਝੁਕਣਗੇ ਅਤੇ ਹੱਕਾਂ ਦੀ ਜੰਗ ਜਾਰੀ ਰਹੇਗੀ ਅਤੇ ਅਧਿਕਾਰ ਮਿਲਣ ਉੱਤੇ ਹੀ ਅਸੀਂ ਸ਼ਾਂਤ ਹੋਵਾਂਗੇ।

ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਫੇਸ ਮਾਸਕ ਉੱਤੇ ਪਾਬੰਦੀ ਦੇ ਐਲਾਨ ਪਿੱਛੋਂ ਹਾਂਗਕਾਂਗ ਵਿੱਚ ਹਿੰਸਾ ਭੜਕ ਪਈ ਸੀ ਅਤੇ ਕਈ ਮੈਟਰੋ ਰੇਲਵੇ ਸਟੇਸ਼ਨ ਸਾੜ ਦਿੱਤੇ ਗਏ ਤੇ ਭੰਨਤੋੜ ਕੀਤੀ ਗਈ ਸੀ ਤੇ ਚੀਨ ਸਰਕਾਰ ਦੇ ਕੰਟਰੋਲ ਵਾਲੇ ਸੰਸਥਾਨਾਂ ਅਤੇ ਬੈਂਕਾਂ ਉੱਤੇ ਪਥਰਾਅ ਹੋਇਆ ਸੀ। ਦੂਸਰੇ ਪਾਸੇ ਹਾਂਗਕਾਂਗ ਵਿੱਚ ਮੌਜੂਦ ਚੀਨੀ ਫ਼ੌਜ ਨੇ ਅੱਜ ਅੰਦੋਲਨਕਾਰੀਆਂ ਨੂੰ ਚਿਤਾਵਨੀਦਿੱਤੀ ਕਿ ਉਹ ਫੌਜੀ ਟਿਕਾਣਿਆਂ ਦੇ ਆਲੇ ਦੁਆਲੇ ਕੋਈ ਹਰਕਤ ਨਾ ਕਰਨ, ਵਰਨਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ। ਚਿਤਾਵਨੀ ਦੇ ਲਈ ਪੀਪਲਜ਼ ਲਿਬਰੇਸ਼ਨ ਆਰਮੀ ਨੇ ਪੀਲੇ ਰੰਗ ਦਾ ਝੰਡਾ ਲਾ ਦਿੱਤਾ ਤੇ ਵੱਡੀ ਗਿਣਤੀ ਵਿੱਚ ਪੱਤਰ ਲਿਖੇ ਹਨ। ਫੌਜ ਨੇ ਇਹ ਚਿਤਾਵਨੀ ਫ਼ੌਜੀ ਟਿਕਾਣਿਆਂ ਉੱਤੇਲੋਕਾਂ ਵੱਲੋਂ ਲੇਜ਼ਰ ਲਾਈਟ ਨਾਲ ਹਰਕਤ ਕਰਨ ਉੱਤੇ ਦਿੱਤੀ ਹੈ। ਪਿਛਲੇ ਦਿਨਾਂ ਵਿੱਚ ਸੈਕੜੇ ਅੰਦੋਲਨਕਾਰੀ ਲੋਕ ਫ਼ੌਜੀ ਅਦਾਰਿਆਂ ਦੀਆਂ ਦੀਵਾਰਾਂ ਅਤੇ ਓਥੇ ਤਾਇਨਾਤ ਸੈਨਿਕਾਂ ਉੱਤੇਪਰੇਸ਼ਾਨ ਕਰਨ ਵਾਲੀ ਲੇਜ਼ਰ ਲਾਈਟ ਪਾਉਂਦੇ ਵੇਖੇ ਗਏ ਹਨ।

ਪੰਜਾਬੀ ਪੋਸਟ ’ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ ’ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
➔ Automatic & Manual Trucks
◦1:1 Training
➔ Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593




ਬਰੈਂਪਟਨ ਈਸਟ ਤੋਂ ਉਮੀਦਵਾਰ ਮਨਿੰਦਰ ਸਿੱਧੂ ਲਈ ਬੀਤੇ ਸ਼ੁੱਕਰਵਾਰ ਪਰਮਿੰਦਰ ਮਾਂਗਟ ਵਲੋਂ ਆਪਣੇ ਗ੍ਰਹਿ ਵਿਖੇ ਇਕ ਵੱਡੀ ਰੈਲੀ ਕੀਤੀ ਗਈ। ਜਿਸ ਵਿਚ 200 ਦੇ ਕਰੀਬ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸੇ ਤਰ੍ਹਾਂ ਹੀ ਸ਼ਨਿਚਰਵਾਰ ਨੂੰ ਸਰਾਏ ਟਰੱਕਿੰਗ ਦੇ ਮਾਲਕ ਸਤਨਾਮ ਸਰਾਏ ਅਤੇ ਬਿੰਦੀ ਸਰਾਏ ਵਲੋਂ ਕੈਸਲਮੋਰ ਦੇ ਅਮਨਪ੍ਰੀਤ ਸਿੰਘ ਸੱਗੂ ਦੇ ਘਰ ਇਕ ਵੱਡਾ ਇਕੱਠ ਕੀਤਾ ਗਿਆ। ਮਨਿੰਦਰ ਸਿੱਧੂ ਲਈ ਹਰ ਰੋਜ਼ ਹੁੰਦੀਆਂ ਇਹ ਨੁੱਕੜ ਰੈਲੀਆਂ ਉਸ ਦੀ ਜਿੱਤ ਨੂੰ ਯਕੀਨੀ ਬਣਾ ਰਹੀਆਂ ਹਨ।

# ਪਾਕਿਸਤਾਨ ਦੀ ਨਵੀਂ ਚਾਲ: ਅੱਤਵਾਦੀਆਂ ਦੀ ਘੁਸਪੈਠ ਕਰਾਉਣ ਲਈ ਕੰਟਰੋਲ ਰੇਖਾ ਵੱਲ ਨੂੰ ਲੋਕਾਂ ਦਾ ਮਾਰਚ

## * ਅਮਰੀਕੀ ਵਫਦ ਵੱਲੋਂ ਅਚਾਨਕ ਮਕਬੂਜ਼ਾ ਕਸ਼ਮੀਰ ਦਾ ਦੌਰਾ



ਇਸਲਾਮਾਬਾਦ, 6 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਵਿੱਚ ਵਿਸ਼ੇਸ਼ ਦਰਜੇ ਦੀ ਧਾਰਾ 370 ਹਟਾਏ ਜਾਣ ਪਿੱਛੋਂ ਕਈ ਚਾਲਾਂ ਵਿੱਚ ਪਾਕਿਸਤਾਨ ਦੇ ਜਦੋਂ ਪੈਰ ਨਹੀਂ ਟਿਕੇ ਤਾਂ ਉਸ ਨੇ ਨਵੀਂ ਚਾਲ ਵਜੋਂ ਆਪਣੇ ਕਬਜ਼ੇ ਵਾਲੇ ਕਸ਼ਮੀਰ (ਮਕਬੂਜ਼ਾ ਕਸ਼ਮੀਰ) ਤੋਂ ਅੱਤਵਾਦੀਆਂ ਦੀ ਘੁਸਪੈਠ ਕਰਾਉਣ ਲਈ ਓਥੋਂ ਆਮ ਲੋਕਾਂ ਨੂੰ ਕੰਟਰੋਲ ਲਾਈਨ (ਐੱਲ ਓ ਸੀ)ਵੱਲ ਜਾਣ ਲਈ ਉਕਸਾ ਕੇ ਤੋਰ ਦਿੱਤਾ ਹੈ। ਜ਼ਾਹਰਾ ਤੌਰ ਉੱਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਲੋਕਾਂ ਨੂੰ ਭਾਰਤ ਵੱਲ ਨਾ ਜਾਣ ਲਈ ਕਹਿਣਾ ਸ਼ੁਰੂ ਕਰ ਦਿੱਤਾ ਹੈ, ਪਰ ਅਮਲ ਵਿੱਚ ਉਸ ਦੀ ਫੌਜ ਦੀ ਅਗਵਾਈ ਅਧੀਨ ਹੀ ਇਹ ਸਾਰਾ ਅਮਲ ਕੀਤਾ ਜਾ ਰਿਹਾ ਹੈ ਅਤੇ ਜਥੇ ਤੋਰੇ ਜਾਣ ਲੱਗੇ ਹਨ।

ਅੱਜ ਐਤਵਾਰ ਨੂੰ ਮਕਬੂਜ਼ਾ ਕਸ਼ਮੀਰ ਤੋਂ ਕੁਝ ਲੋਕਾਂ ਦਾ ਜਥਾਐੱਲ ਓ ਸੀ ਵੱਲ ਵਧਦਾ ਵੇਖਿਆ ਗਿਆ। ਇਸ ਦੇ ਵਿੱਚ ਸ਼ਾਮਲ ਲੋਕ ਸ਼ਨਿਚਰਵਾਰ ਨੂੰ ਮਕਬੂਜ਼ਾ ਕਸ਼ਮੀਰ ਦੀ ਰਾਜਧਾਨੀ ਮੁਜ਼ੱਫਰਾਬਾਦ ਤੋਂ ਗੜ੍ਹੀ ਦੁੱਪਟਾ ਵੱਲ ਗਏ ਤੇ ਓਥੇ ਰਾਤ ਗੁਜ਼ਾਰਨ ਪਿੱਛੋਂ ਅੱਜ ਐਤਵਾਰ ਸਵੇਰੇ ਪਾਕਿਸਤਾਨੀ ਕਬਜ਼ੇ ਵਾਲੇ ਮੁਜ਼ੱਫਰਾਬਾਦ ਤੋਂ ਭਾਰਤ ਦੇ ਜੰਮੂ ਅਤੇ ਕਸ਼ਮੀਰ ਦੀ ਰਾਜਧਾਨੀਸ੍ਰੀਨਗਰ ਨੂੰ ਜਾਣ ਵਾਲੇ ਹਾਈਵੇ ਵੱਲ ਤੁਰ ਪਏ। ਅੱਤਵਾਦੀ ਜਮਾਤ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ (ਜੇਕੇ ਐੱਲ ਐੱਫ) ਨੇ ਇਸ ਮਾਰਚ ਦਾਸੱਦਾ ਦਿੱਤਾ ਹੋਇਆ ਸੀ। ਜੇਕੇ ਐੱਲ ਐੱਫ ਦਾ ਸਥਾਨਕ ਬੁਲਾਰਾ ਰਫ਼ੀਕ ਡਾਰ ਇਸ ਸਾਰੀ ਮੁਹਿੰਮ ਦਾ ਆਗੂ ਬਣਾਇਆ ਗਿਆ ਹੈ। ਉਸ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਇਹਦਾਅਵਾ ਕੀਤਾ ਕਿ ਭਾਰਤ ਅਤੇ ਪਾਕਿਸਤਾਨ ਲਈ ਯੂ ਐੱਨ ਨਿਗਰਾਨ ਗਰੁੱਪ ਨੇ ਉਸ ਨਾਲ ਸੰਪਰਕ ਕੀਤਾ ਹੈ ਅਤੇ ਉਸ ਨੇ ਯੂ ਐੱਨ ਓ ਨੂੰ ਅਪੀਲ ਕੀਤੀ ਹੈ ਕਿ ਉਹ ਦੋਵਾਂ ਦੇਸ਼ਾਂ ਨੂੰ ਕਹਿ ਦੇਵੇ ਕਿ ਉਹ ਸਾਡੇ ਇਸ ਪੁਰ-ਅਮਨ ਪ੍ਰਦਰਸ਼ਨ ਦੇ ਵਿਰੁੱਧ ਕੋਈ ਕਾਰਵਾਈ ਨਾ ਕਰਨ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਐੱਲ ਓ ਸੀ ਪਾਰ ਕਰਨ ਲਈ ਐਲਾਨ ਕੀਤਾ ਹੈ। ਜਾਣਕਾਰ ਸੂਤਰਾਂ ਮੁਤਾਬਕ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਬਾਅਦ ਵਿੱਚ ਚਕੋਠੀ ਵਿਚ ਰੋਕ ਦਿੱਤਾ ਜਾਵੇਗਾ।

ਵਰਨਣ ਯੋਗ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇਪਹਿਲਾਂ 14 ਅਗਸਤ ਨੂੰ ਇਸ ਖੇਤਰ ਦੀ ਅਸੈਂਬਲੀ ਵਿੱਚ ਪਹੁੰਚ ਕੇ ਖੁਦ ਲੋਕਾਂ ਨੂੰ ਐੱਲ ਓ ਸੀਵੱਲ ਜਾਣ ਲਈ ਉਕਸਾਇਆ ਸੀ ਅਤੇ ਇਸ ਵਕਤ ਉਹ ਇਨ੍ਹਾਂ ਨੂੰ ਖੁਦ ਹੀ ਕੰਟਰੋਲ ਰੇਖਾ ਪਾਰ ਨਾ ਕਰਨ ਦੀ ਚਿਤਾਵਨੀ ਦੇ ਰਹੇ ਹਨ, ਜਦ ਕਿ ਭਾਰਤ ਦੀ ਫ਼ੌਜ ਵੀ ਹਰ ਸਥਿਤੀ ਲਈ ਪੂਰੀ ਤਰ੍ਹਾਂ ਚੌਕਸ ਹੈ ਅਤੇ ਪੂਰੀ ਮਜ਼ਬੂਤੀ ਨਾਲ ਡਟੀ ਹੋਈ ਹੈ।

ਇਸ ਦੌਰਾਨ ਇੱਕ ਨਵੀਂ ਗੱਲ ਇਹ ਹੋਈ ਕਿ ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਅਮਰੀਕਾ ਨੇ ਸ਼ਨੀਵਾਰ ਨੂੰ ਅਮਰੀਕਾ ਦੇ ਪਾਰਲੀਮੈਂਟ ਮੈਂਬਰ ਕ੍ਰਿਸ ਵੈਨ ਨੂੰ ਬੇਨਤੀ ਕੀਤੀ ਕਿ ਉਹ ਹਾਲਾਤ ਦਾ ਖੁਦ ਜਾਇਜ਼ਾ ਲੈਣ ਲਈ ਕੰਟਰੋਲ ਰੇਖਾ ਦੇ ਦੋਵਾਂ ਪਾਸਿਆਂ ਦਾ ਦੌਰਾ ਕਰਨ। ਮੁਲਤਾਨ ਵਿੱਚ ਇੱਕ ਅਮਰੀਕੀ ਡਿਪਲੋਮੇਟ ਪਾਲ ਜੋਨਸ ਦੇਨਾਲ ਸ਼ਾਹ ਮਹਿਮੂਦ ਕੁਰੈਸ਼ੀ ਦੀ ਇਸ ਮੁਲਾਕਾਤ ਦੇ ਅਗਲੇ ਦਿਨ ਅੱਜ ਐਤਵਾਰ ਨੂੰ ਇੱਕ ਅਮਰੀਕੀ ਡੈਲੀਗੇਸ਼ਨ ਕਸ਼ਮੀਰ ਦੇ ਉਸ ਇਲਾਕੇ ਦਾ ਦੌਰਾ ਕਰਨ ਚਲਾ ਗਿਆ, ਜਿਹੜਾ ਪਾਕਿਸਤਾਨ ਦੇ ਕਬਜ਼ੇ ਵਿੱਚ ਹੈ।ਨਅਮਰੀਕਾ ਦੇ ਇਸ ਉੱਚ ਪੱਧਰੀ ਪਾਰਲੀਮੈਂਟਰੀ ਵਫਦ ਨੇ ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਹਟਾਉਣਪਿੱਛੋਂਦੇ ਹਾਲਾਤ ਦਾ ਪਤਾ ਲਾਉਣ ਤੇ ਲੋਕਾਂ ਦੀਆਂ ਭਾਵਨਾਵਾਂ ਜਾਨਣ ਦੇ ਨਾਅ ਉੱਤੇ ਅੱਜ ਐਤਵਾਰ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਦਾ ਦੌਰਾ ਕੀਤਾ। ਵਫਦ ਵਿਚ ਅਮਰੀਕੀ ਸੈਨੇਟਰ ਕ੍ਰਿਸ ਵਾਨ ਹੋਲੇਨ ਅਤੇ ਮੈਗੀ ਹਸਨ ਦੇ ਨਾਲ ਪਾਕਿਸਤਾਨ ਵਿੱਚਅਮਰੀਕਾ ਦੇ ਡਿਪਟੀ ਅੰਬੈਸਡਰ ਪਾਲ ਜੋਨਸ ਵੀ ਸਨ। ਉਨ੍ਹਾਂ ਵੱਲੋਂ ਪੀ ਓ ਕੇ ਦੀ ਰਾਜਧਾਨੀ ਮੁਜ਼ੱਫਰਾਬਾਦ ਦਾ ਦੌਰਾ ਕਰਨ ਪਿੱਛੋਂ ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਇਸ ਦੌਰੇ ਦਾ ਮਕਸਦ ਭਾਰਤ ਵਲੋਂਪਿਛਲੀ ਪੰਜ ਅਗਸਤ ਨੂੰ ਲਏ ਫੈਸਲੇ ਤੋਂ ਬਾਅਦ ਦੀ ਸਥਿਤੀ ਦੇਖਣਾ ਤੇ ਉਸ ਰਾਜ ਦੀ ਜਨਤਾ ਦੀਆਂ ਭਾਵਨਾਵਾਂ ਨੂੰ ਸਮਝਣਾ ਸੀ।

ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਦੇ ਜ਼ਿਆਦਾ ਪ੍ਰਬੰਧਾਂ ਨੂੰ ਭਾਰਤ ਸਰਕਾਰ ਨੇ ਪੰਜ ਅਗਸਤ ਨੂੰ ਰੱਦ ਕਰਕੇ ਇਸ ਰਾਜ ਨੂੰ ਦੋ ਕੇਂਦਰੀ ਸ਼ਾਸਤ ਰਾਜਾਂ ਵਿਚ ਵੰਡਣ ਵਾਲਾ ਫੈਸਲਾ ਕੀਤਾ ਸੀ, ਜਿਸ ਪਿੱਛੋਂ ਕਸ਼ਮੀਰ ਵਿਚ ਜਨ-ਜੀਵਨ ਕਾਫੀ ਹੱਦ ਤੱਕ ਪ੍ਰਭਾਵਿਤ ਹੈ। ਭਾਰਤ ਦੇ ਅੰਦਰੂਨੀ ਮਾਮਲੇ ਨੂੰ ਕੌਮਾਂਤਰੀ ਪੱਧਰ ਉੱਤੇ ਚੁੱਕਣ ਲਈ ਪਾਕਿਸਤਾਨ ਯਤਨ ਕਰ ਰਿਹਾ ਹੈ। ਅੱਜ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਦੇ ਸੈਨੇਟਰ ਨੇ ਕਿਹਾ ਹੈ ਕਿ ਉਹ ਮਨੁੱਖੀ ਅਧਿਕਾਰਾਂ ਬਾਰੇ ਚਿੰਤਾ ਨੂੰ ਸਾਂਝਾ ਕਰਦੇ ਹਨ ਤੇ ਭਾਰਤ ਨੂੰ ਅਪੀਲ ਕਰਦੇ ਰਹਿਣਗੇ ਕਿ ਉਹ ਇਸ ਦਿਸ਼ਾ ਵਿਚ ਪਹਿਲੇ ਕਦਮ ਵਜੋਂ ਕਰਫਿਊ ਹਟਾ ਕੇ ਸਾਰੇ ਕੈਦੀਆਂ ਨੂੰ ਰਿਹਾਅ ਕਰ ਦੇਵੇ। ਅਮਰੀਕੀ ਵਫਦ ਨੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ, ਜਿਸ ਨੂੰ ਪਾਕਿਸਤਾਨ ਆਜ਼ਾਦ ਕਸ਼ਮੀਰ ਕਹਿੰਦਾ ਹੈ, ਦੇ ਨੇਤਾ ਸਰਦਾਰ ਮਸੂਦ ਖਾਨ ਅਤੇ ਰਾਜਾ ਫਾਰੂਕ ਹੈਦਰ ਨਾਲ ਵੀ ਮੁਲਾਕਾਤ ਕੀਤੀ ਹੈ।

# ਫਾਰੂਕ ਤੇ ਉਮਰ ਅਬਦੁੱਲਾ 62 ਦਿਨਾਂ ਪਿੱਛੋਂ ਆਪਣੀ ਪਾਰਟੀ ਦੇ ਆਗੂਆਂ ਨੂੰ ਮਿਲੇ



ਜੰਮੂ, 6 ਅਕਤੂਬਰ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਹਟਾਏ ਜਾਣ ਪਿੱਛੋਂ ਓਥੇ ਨਜ਼ਰਬੰਦ ਕੀਤੇ ਹੋਏ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਅਤੇ ਉਮਰ ਅਬਦੁੱਲਾ ਅੱਜ 62 ਦਿਨਾਂ ਦੇ ਬਾਅਦ ਨੈਸ਼ਨਲ ਕਾਨਫਰੰਸ ਦੇ 15 ਨੇਤਾਵਾਂ ਨੂੰ ਮਿਲ ਸਕੇ। ਇਨ੍ਹਾਂ ਨੇਤਾਵਾਂ ਨੇ ਸਰਕਾਰ ਦੀ ਆਗਿਆ ਨਾਲ ਆਪਣੀ ਪਾਰਟੀ ਦੇ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਫਾਰੂਕ ਅਬਦੁੱਲਾ ਤੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨਾਲ ਮੁਲਾਕਾਤ ਕੀਤੀ। ਫਾਰੂਕ ਅਬਦੁੱਲਾ ਪਿਛਲੇ 62 ਦਿਨ ਤੋਂ ਆਪਣੇ ਘਰ ਵਿੱਚ ਨਜ਼ਰਬੰਦ ਸਨ, ਜਿੱਥੇ 15 ਸਤੰਬਰ ਨੂੰ ਉਨ੍ਹਾਂ ਨੂੰ ਪੀ ਐੱਸ ਏ ਕਾਨੂੰਨ ਲਾਗੂ ਕਰ ਕੇ ਉਨ੍ਹਾਂ ਨੂੰ ਬੰਦੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਪੁੱਤਰ ਅਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਮੰਤਰੀ ਉਮਰ ਅਬਦੁੱਲਾ ਵੀ ਪੰਜ ਅਗਸਤ ਤੋਂ ਬਾਅਦ ਲਗਾਤਾਰ ਨਜ਼ਰਬੰਦ ਸਨ।

ਵਰਨਣ ਯੋਗ ਹੈ ਕਿ ਪੰਜ ਅਗਸਤ ਤੋਂ ਬਾਅਦ ਅੱਜ ਐਤਵਾਰ ਇਹ ਪਹਿਲਾ ਸਮਾਂਹੈ, ਜਦੋਂ ਨੈਸ਼ਨਲ ਕਾਨਫਰੰਸ ਦੇ ਨੇਤਾਵਾਂ ਨੇ ਆਪਣੇ ਸੂਬਾ ਪ੍ਰਧਾਨ ਦੇਵੇਂਦਰ ਰਾਣਾ ਦੀ ਅਗਵਾਈ ਵਿੱਚ ਫਾਰੂਕ ਅਬਦੁੱਲਾ ਅਤੇ ਉਮਰ ਅਬਦੁੱਲਾ ਦੇ ਨਾਲ ਵੱਖੋ-ਵੱਖ ਮੁਲਾਕਾਤ ਕੀਤੀ ਹੈ। ਰਾਜ ਸਰਕਾਰ ਦੀ ਆਗਿਆਪਿੱਛੋਂ ਸ੍ਰੀਨਗਰ ਵਿੱਚ ਹਰੀ ਨਿਵਾਸ ਵਿਖੇ ਮੁਲਾਕਾਤ ਕਰਨ ਮਗਰੋਂ ਨੈਸ਼ਨਲ ਕਾਨਫਰੰਸ ਨੇ ਇਸੇ ਮਹੀਨੇ ਹੋ ਰਹੀਆਂ ਬਲਾਕ ਡਿਵੈਲਪਮੈਂਟ ਕੌਂਸਲ ਦੀਆਂ ਚੋਣਾਂ ਵਿੱਚ ਹਿੱਸਾ ਨਾ ਲੈਣ ਦੇ ਸੰਕੇਤ ਦਿੱਤੇ ਹਨ। ਨੈਸ਼ਨਲ ਕਾਨਫਰੰਸ ਦਾ ਕਹਿਣਾ ਹੈ ਕਿ ਪਾਰਟੀ ਲੀਡਰਸ਼ਿਪ ਜੇਲ੍ਹ ਵਿੱਚਹੋਣ ਦੇ ਹਾਲਤ ਵਿੱਚ ਉਸ ਵੱਲੋਂ ਬੀਡੀਸੀ ਚੋਣਾਂ ਲੜਨ ਦੀ ਕੋਈ ਸੰਭਾਵਨਾ ਹੀ ਨਹੀਂ। ਅਨੰਤਨਾਗ ਹਲਕੇ ਤੋਂਨੈਸ਼ਨਲ ਕਾਨਫਰੰਸ ਦੇ ਪਾਰਲੀਮੈਂਟ ਮੈਂਬਰ ਹਸਨੈਨ ਮਸੂਦੀ ਨੇ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਇਸ ਵੇਲੇ ਸਿਆਸੀ ਮਾਹੌਲ ਨਹੀਂ ਹੈ ਤਾਂਇਸ ਹਾਲਤ ਵਿੱਚ ਚੋਣਾਂ ਵਿੱਚ ਹਿੱਸਾ ਲੈਣ ਬਾਰੇ ਗੱਲ ਕਰਨ ਦਾ ਕੋਈ ਮਤਲਬ ਹੀ ਨਹੀਂ ਹੈ।


**Paramjit Deol** Broker
**CELL: 416-993-7378**
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

| | | | |
|---|---|---|---|
| MISSISSAUGA $975 | WOODSTOCK $2,000 | SOUTH DUNDAS $3,000 | MISSISSAUGA $59,000 |
| **Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area. | Photo Not Available **27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More... | **23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent. | **1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station... |
| CHATHAM-KENT $65,000 | TORONTO $79,000 | HAMILTON $99,000 | MISSISSAUGA $149,000 |
| **Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very | Photo Not Available **1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple | Photo Not Available **77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location... | **17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800 |
| MISSISSAUGA $169,900 | BRAMPTON $199,000 | BRAMPTON $259,000 | BRAMPTON $299,000 |
| **7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers | Photo Not Available **10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business | Photo Not Available **470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month | **23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As |
| MISSISSAUGA $499,000 | BRANTFORD $499,000 | MISSISSAUGA $615,000 | BRAMPTON $655,000 |
| **5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located | **693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash | **7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors. | **32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools & |

*Canadian punjabi post assumes no responsibility for the accuracy of any information shown. Copyright Ppost 2019


# 550ਵਾਂ ਪ੍ਰਕਾਸ਼ ਪੁਰਬ: ਸੰਗਤਾਂ ਦੀ ਰਿਹਾਇਸ਼ ਵਾਸਤੇ ਸੁਲਤਾਨਪੁਰ ਲੋਧੀ ਵਿੱਚ ਤਿੰਨ ਟੈਂਟ ਸਿਟੀਜ਼ ਬਣਨੇ ਸ਼ੁਰੂ

ਸੁਲਤਾਨਪੁਰ ਲੋਧੀ, 6 ਅਕਤੂਬਰ, (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੇ ਲਈ ਤਿਆਰੀਆਂ ਸਿਖਰਾਂ ਛੋਹਣ ਲੱਗੀਆਂ ਹਨ। ਇਸ ਦੌਰਾਨ ਦੇਸ਼-ਵਿਦੇਸ਼ ਤੋਂ ਸੁਲਤਾਨਪੁਰ ਲੋਧੀ ਵਿਖੇ ਲੱਖਾਂ ਸੰਗਤਾਂ ਦੇ ਆਉਣ ਨੂੰ ਵੇਖਦੇ ਹੋਏ ਉਨ੍ਹਾਂ ਦੀ ਰਿਹਾਇਸ਼ ਦੇ ਖ਼ਾਸ ਪ੍ਰਬੰਧ ਕਰਨ ਲਈ ਤਿੰਨ ਟੈਂਟ ਸਿਟੀ ਕਪੂਰਥਲਾ-ਸੁਲਤਾਨਪੁਰ ਲੋਧੀ ਰੋਡ, ਅੰਮ੍ਰਿਤਸਰ-ਸੁਲਤਾਨਪੁਰ ਲੋਧੀ ਰੋਡਅਤੇ ਲੋਹੀਆਂ-ਸੁਲਤਾਨਪੁਰ ਲੋਧੀ ਰੋਡ ਉੱਤੇ ਬਣਾਉਣ ਦੇਕੰਮ ਕਰਨ ਲਈ ਪੂਰੀ ਸਰਗਰਮੀ ਸ਼ੁਰੂ ਹੋ ਗਈ ਹੈ। ਪਹਿਲੀ ਨਵੰਬਰ ਤੋਂ 13 ਨਵੰਬਰ ਤਕ ਕੀਤੇ ਜਾ ਰਹੇ ਇਨ੍ਹਾਂ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸੰਗਤ ਨੂੰ ਘਰ ਵਰਗੀ ਸਹੂਲਤਾਂ ਦੇਣ ਲਈ ਰਾਜ ਸਰਕਾਰ ਪੱਕੇ ਪ੍ਰਬੰਧ ਕਰਨ ਰੁੱਝ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਬਣਾਏ ਜਾ ਰਹੇ ਤਿੰਨ ਟੈਂਟ ਸਿਟੀਜ਼ ਵਿਚ 50 ਹਜ਼ਾਰ ਦੇ ਕਰੀਬ ਸੰਗਤ ਦੇ ਠਹਿਰਨ ਦਾ ਪ੍ਰਬੰਧ ਹੋਵੇਗਾ ਅਤੇ ਇਹ ਟੈਂਟ ਸਿਟੀ ਕਈ ਸਹੂਲਤਾਂ ਨਾਲ ਲੈਸ ਹੋਣਗੇ। ਸੰਗਤਾਂ ਨੂੰ ਇਸ ਵਿੱਚ ਵੀਆਈਪੀ ਰੂਮ ਤੇ ਅਟੈਚ ਬਾਥਰੂਮ, ਵੱਡੇ ਹਾਲ, ਲਾਕਰ, ਫੈਮਿਲੀ ਰੂਮ ਆਦਿ ਦਿੱਤੇ ਜਾਣਗੇ, ਜਿੱਥੇ ਉਹ ਆਪਣਾ ਸਾਮਾਨ ਅੰਦਰਲੇ ਬਾਕਸ ਵਿਚ ਸੰਭਾਲ ਸਕਦੇ ਹਨ। ਇਨ੍ਹਾਂ ਟੈਂਟ ਸਿਟੀਜ਼ ਵਿਚ ਵਿਸ਼ਾਲ ਲੰਗਰਾਂ ਦਾਖਾਸ ਪ੍ਰਬੰਧ ਹੋਵੇਗਾ। ਇਨ੍ਹਾਂ ਸਿਟੀਜ਼ ਦੇ ਅੰਦਰ ਹੀ ਇਕ-ਇਕ ਹਸਪਤਾਲ ਬਣਾਇਆ ਜਾਵੇਗਾ, ਜਿੱਥੇ 16-16 ਬੈੱਡ ਹੋਣ ਤੋਂ ਇਲਾਵਾ ਕਪੂਰਥਲਾ ਰੋਡ ਉੱਤੇ ਬਣ ਰਹੀ ਵੱਡੀ ਟੈਂਟ ਸਿਟੀ ਵਿਚ 70 ਬਿਸਤਰਿਆਂ ਦਾ ਵੱਡਾ ਹਸਪਤਾਲ ਹੋਵੇਗਾ। ਟੈਂਟ ਸਿਟੀਜ਼ ਵਿਚ ਸੰਗਤਾਂ ਦੇ ਆਉਣ ਅਤੇ ਜਾਣ ਦੇ ਪੱਕੇ ਰਸਤਿਆਂ ਦਾ ਖ਼ਾਸ ਪ੍ਰਬੰਧ ਹੋ ਗਿਆ ਹੈ ਅਤੇ ਏਥੇ ਸਾਫ਼-ਸਫ਼ਾਈ ਦਾ ਖ਼ਾਸ ਪ੍ਰਬੰਧ ਕੀਤਾ ਗਿਆ ਹੈ। ਟੈਂਟ ਸਿਟੀਜ਼ ਦੇ ਅੰਦਰ ਅਤੇ ਬਾਹਰ ਸੁਰੱਖਿਆ ਦੇ ਪੱਕੇ ਪ੍ਰਬੰਧ ਵੀ ਕੀਤੇ ਜਾਣਗੇ।

ਸੁਲਤਾਨਪੁਰ ਲੋਧੀ ਵਿਖੇ ਬਣ ਰਹੇ ਤਿੰਨ ਟੈਂਟ ਸਿਟੀਜ਼ ਦੇ ਕੰਮਾਂ ਬਾਰੇ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਕਿਹਾ ਕਿ ਸੰਗਤਾਂ ਦੀ ਸਹੂਲਤ ਨੂੰ ਇਨ੍ਹਾਂ ਟੈਂਟ ਸਿਟੀਜ਼ ਦੇ ਬਣਾਉਣ ਦਾ ਸਾਰਾ ਕੰਮ 20 ਅਕਤੂਬਰ ਤਕ ਪੂਰਾ ਹੋ ਜਾਵੇਗਾ।ਐਸਡੀਐਮ ਡਾ.ਚਾਰੂਮਿਤਾ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਟਨਾ ਸਾਹਿਬ ਵਿਖੇ ਮਨਾਏ 350 ਸਾਲਾ ਪ੍ਰਕਾਸ਼ ਪੁਰਬ ਵਰਗੀਆਂ ਸਹੂਲਤਾਂ ਸੰਗਤਾਂ ਨੂੰ ਦੇਣ ਲਈ ਤਿੰਨ ਟੈਂਟ ਸਿਟੀਜ਼ ਵਿਚ ਰਿਹਾਇਸ਼ ਦੇ ਸਾਰੇ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਇਹ ਟੈਂਟ ਸਿਟੀਜ਼ ਮੁਕੰਮਲ ਵਾਟਰ ਪਰੂਫ ਵੀ ਹੋਣਗੇ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਵਾਇਕਾਟੋ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਸਪੋਰਟਸ ਐਂਡ ਕਲਚਰਲ ਟ੍ਰਸਟ ਹਮਿਲਟਨ ਵੱਲੋਂ ਦੋ ਦਿਨਾਂ ਖ਼ੂਨ ਦਾਨ ਕੈਂਪ ਸਮਾਪਤ




ਆਕਲੈਂਡ 4 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)-ਵਾਇਕਾਟੋ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਸਪੋਰਟਸ ਐਂਡ ਕਲਚਰਲ ਟ੍ਰਸਟ ਹਮਿਲਟਨ ਵੱਲੋਂ ਦੋ ਦਿਨ ਤੀਜਾ ਖ਼ੂਨਦਾਨ ਕੈਂਪ ਅੱਜ ਸਫਲਤਾ ਪੂਰਵਕ ਸਮਾਪਤ ਹੋ ਗਿਆ। ਇਸ ਵਾਰ 77 ਯੂਨਿਟ ਖ਼ੂਨ ਅਤੇ 16 ਯੂਨਿਟ ਪਲਾਜ਼ਮਾ ਦਾਨ ਹੋਇਆ। 21 ਹੋਰ ਮੈਂਬਰ ਪਲਾਜ਼ਮਾ ਵਾਸਤੇ ਬੁੱਕ ਕਰ ਲਏ ਗਏ ਹਨ। ਨਿਊਜ਼ੀਲੈਂਡ ਬਲੱਡ ਸੈਂਟਰ ਦੇ

### 77 ਯੂਨਿਟ ਹੋਇਆ ਖ਼ੂਨ ਦਾਨ-ਬਲੱਡ ਸੈਂਟਰ ਵੱਲੋਂ 5 ਸਟਾਰ 'ਐਕਸਲੈਂਸ' ਐਵਾਰਡ

ਪ੍ਰਬੰਧਕਾਂ ਨੇ ਇਸ ਵੱਡੇ ਕੈਂਪ ਦੇ ਪ੍ਰਬੰਧਕਾਂ ਨੂੰ ਅਤੇ ਦਾਨੀਆ ਦਾ ਸਤਿਕਾਰ ਕਰਦਿਆਂ ਕਲੱਬ ਨੂੰ 5 ਸਟਾਰ ਵਾਲਾ ਐਕਸਲੈਂਸ ਐਵਾਰਡ ਵੀ ਦਿੱਤਾ। ਖ਼ੂਨ ਦਾਨ ਕਰਨ ਵਾਲੇ ਦਾਨੀ ਸੱਜਣਾ ਨੂੰ ਅੱਜ ਲੰਬੀ ਉਡੀਕ ਵੀ ਕਰਨੀ ਪਈ ਕਿਉਂਕਿ ਦਾਨੀ ਸੱਜਣਾ ਦੀ ਗਿਣਤੀ ਕਾਫੀ ਵਧ ਗਈ ਸੀ। ਟ੍ਰਸਟੀਆਂ ਜਿਨ੍ਹਾਂ ਵਿਚ ਟਰੱਸਟੀ ਪ੍ਰਧਾਨ ਗੁਰਵਿੰਦਰ ਸਿੰਘ ਉੱਪ ਪ੍ਰਧਾਨ ਵਰਿੰਦਰ ਸਿੱਧੂ ਸਕੱਤਰ ਰਾਜਵੀਰ ਸਿੰਘ, ਕੈਸ਼ੀਅਰ ਸੁਖਜੀਤ ਸਿੰਘ ਰੱਤੂ, ਮੈਂਬਰਜ਼ ਦੀਦਾਰ ਸਿੰਘ ਵਿੱਰਕ, ਹਰਪ੍ਰੀਤ ਕੌਰ, ਗੁਰਦੀਪ ਕੌਰ, ਕਮਲਜੀਤ ਕੌਰ, ਖੁਸ਼ਮੀਤ ਕੌਰ ਸਿੱਧੂ ਸਪਾਂਸਰਜ਼ ਸ਼ੁਸਮਾ ਕਾਂਸਲ, ਜਰਨੈਲ ਸਿੰਘ ਰਾਹੋਂ, ਰਵਿੰਦਰ ਪੁਆਰ, ਪ੍ਰਮਜੀਤ ਪ੍ਰੀਹਾਰ, ਮਨਜੀਤ ਸਿੰਘ ਠੰਡਲ, ਅਮਰੀਕ ਸਿੰਘ ਜੱਜ, ਸੁਰਜੀਤ ਸਿੰਘ ਬਿੰਦਰਾ, ਨਰਿੰਦਰ ਸਿੰਘ ਸੱਗੂ, ਮੀਤੋ ਕੌਰ ਅੜਕ, ਰਣਜੀਤ ਸਿੰਘ ਮਾਨ, ਵਲੰਟੀਅਰ, ਬਲਵੀਰ ਸਿੰਘ ਸੰਘੇੜਾ, ਹਰਿੰਦਰ ਢੀਂਡਸਾ, ਅਮਰੀਕ ਸਿੰਘ ਬਰਾੜ, ਸਤਨਾਮ ਸਿੰਘ ਅਤੇ ਪ੍ਰਭਜੋਤ ਕੌਰ ਨੇ ਕਾਫੀ ਮਿਹਨਤ ਕੀਤਾ। ਰਿਫ੍ਰੈਸ਼ਮੈਂਟ ਦੇ ਲਈ ਫਰੈਕਟਿਨ ਫਰੈਸ਼ ਹਮਿਲਟ, ਟੈਕਸੀ ਵੀਰਾਂ ਦਾ ਅਤੇ ਜਿੰਦੀ ਔਜਲਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਕੋਆਪਰੇਟਿਵ ਬੈਂਕ ਦੇ ਸਾਬਕਾ ਅਕਾਊਂਟੈਂਟ ਗੁਰਨੇਕ ਵਿਰੁੱਧ ਕੇਸ ਦਰਜ

ਜਲੰਧਰ, 6 ਅਕਤੂਬਰ (ਪੋਸਟ ਬਿਊਰੋ)- ਨੋਟਬੰਦੀ ਦੌਰਾਨ ਅਤੇ ਉਸ ਤੋਂ ਪਹਿਲਾਂ ਕਈ ਕੇਸਾਂ ਵਿੱਚ ਚਰਚਿਤ ਰਹਿ ਚੁੱਕੇ ਸੈਂਟਰਲ ਕੋਆਪ੍ਰੇਟਿਵ ਬੈਂਕ ਦੇ ਸਾਬਕਾ ਅਕਾਊਂਟੈਂਟ ਗੁਰਨੇਕ ਸਿੰਘ ਉੱਤੇ ਕਮਿਸ਼ਨਰੇਟ ਪੁਲਸ ਦੇ ਨਿਰਦੇਸ਼ਾਂ 'ਤੇ ਡਵੀਜ਼ਨ ਨੰਬਰ ਚਾਰ ਵਿੱਚ ਧਾਰਾ 409/420 ਅਤੇ 120 ਬੀ ਦਾ ਕੇਸ ਦਰਜ ਹੋਇਆ ਹੈ। ਪਤਾ ਲੱਗਾ ਹੈ ਕਿ ਕੇਸ ਦਰਜ ਹੋਣ ਤੋਂ ਬਾਅਦ ਗੁਰਨੇਕ ਸਿੰਘ ਨੇ ਸਥਾਨਕ ਅਦਾਲਤ ਤੋਂ ਜ਼ਮਾਨਤ ਲੈਣ ਦੀ ਕੋਸ਼ਿਸ਼ ਕੀਤੀ ਸੀ, ਪਰ ਗੱਲ ਨਹੀਂ ਬਣੀ ਅਤੇ ਇਸ ਦੇ ਬਾਅਦ ਉਸ ਵੱਲੋਂ ਹਾਈ ਕੋਰਟ ਵਿੱਚੋਂ ਜ਼ਮਾਨਤ ਲੈਣ ਦੀ ਤਿਆਰੀ ਚੱਲ ਰਹੀ ਹੈ।

ਵਰਨਣ ਯੋਗ ਹੈ ਕਿ ਗੁਰਨੇਕ ਸਿੰਘ ਪੁੱਤਰ ਸਵਰਣ ਸਿੰਘ ਪਿੰਡ ਦਾਸੂਪੁਰ (ਰਹੀਮਪੁਰ) ਦੇ ਖਿਲਾਫ ਕਾਫੀ ਸਮਾਂ ਪਹਿਲਾਂ ਕੋਆਪਰੇਟਿਵ ਬੈਂਕ ਨੂੰ ਸ਼ਿਕਾਇਤਾਂ ਮਿਲੀਆਂ ਸਨ, ਜਿਨ੍ਹਾਂ ਉੱਤੇ ਪੰਜਾਬ ਸਰਕਾਰ, ਰਜਿਸਟਰਾਰ ਕੋਆ-ਪਰੇਟਿਵ ਸੋਸਾਇਟੀਜ਼ ਨੇ ਤਿੰਨ ਮੈਂਬਰੀ ਜਾਂਚ ਕਮੇਟੀ ਬਣਾਈ ਸੀ, ਜਿਸ ਵਿੱਚ ਰਜਿਸਟਰਾਰ ਭੁਪਿੰਦਰ ਸਿੰਘ, ਬੈਂਕ ਦੇ ਮੈਨੇਜਿੰਗ ਡਾਇਰੈਕਟਰ ਦਰਸ਼ਨ ਲਾਲ ਅਤੇ ਜ਼ਿਲਾ ਮੈਨੇਜਰ ਰਾਜੀਵ ਕੁਮਾਰ ਸ਼ਰਮਾ ਸ਼ਾਮਲ ਸਨ। ਇਸ ਕਮੇਟੀ ਨੇ ਗੁਰਨੇਕ ਸਿੰਘ ਦੀ ਪਿਛਲੇ 10 ਸਾਲਾਂ ਦੀ ਨੌਕਰੀ ਦੀ ਜਾਂਚ ਕੀਤੀ ਤੇ ਪਤਾ ਲੱਗਾ ਕਿ ਇਨ੍ਹਾਂ 10 ਸਾਲਾਂ ਦੌਰਾਨ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਬੈਂਕ ਦੇ ਨਿਯਮਾਂ ਦੀ ਉਲੰਘਣਾ ਕਰ ਕੇ ਉਸ ਦੀਆਂ ਤਰੱਕੀਆਂ, ਟਰਾਂਸਫਰਾਂ ਆਦਿ ਦੇ ਕਈ ਗਲਤ ਫੈਸਲੇ ਹੋਏ ਸਨ ਅਤੇ 9 ਨਵੰਬਰ 2012 ਨੂੰ ਐਗਜ਼ੀਕਿਊਟਿਵ ਕਮੇਟੀ ਬਣਾ ਕੇ ਬੈਂਕ ਬਾਇਲਾਜ ਦੀ ਉਲੰਘਣਾ ਕੀਤੀ ਗਈ ਸੀ ਅਤੇ ਇੱਕੋ ਪਰਵਾਰ ਨਾਲ ਸੰਬੰਧਤ ਮੈਂਬਰਾਂ ਨੂੰ ਕਮੇਟੀ ਵਿੱਚ ਸ਼ਾਮਲ ਕਰ ਕੇ ਬੈਂਕ ਦੇ ਫੈਸਲਿਆਂ ਨੂੰ ਪ੍ਰਭਾਵਤ ਕੀਤਾ ਗਿਆ ਸੀ। ਕਮੇਟੀ ਵਿੱਚ ਬੈਂਕ ਕਰਮਚਾਰੀ ਗੁਰਨੇਕ ਸਿੰਘ ਦੇ ਪਿਤਾ ਸਵਰਣ ਸਿੰਘ, ਉਨ੍ਹਾਂ ਦੀ ਪਤਨੀ ਗੁਰਪ੍ਰੀਤ ਕੌਰ ਅਤੇ ਨੇੜਲੇ ਰਿਸ਼ਤੇਦਾਰ ਬਚਿੱਤਰ ਸਿੰਘ ਵੀ ਸ਼ਾਮਲ ਸਨ। ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਨਵੰਬਰ 2016 ਵਿੱਚ ਭਾਰਤ ਸਰਕਾਰ ਨੇ ਜਦੋਂ ਨੋਟਬੰਦੀ ਕੀਤੀ, ਉਸ ਦੌਰਾਨ 10 ਨਵੰਬਰ 16 ਤੋਂ 13 ਨਵੰਬਰ 16 ਦੇ ਸਮੇਂ ਵਿੱਚ ਬੈਂਕ ਦੇ ਕੁਝ ਮੁਲਾਜ਼ਮਾਂ ਨੇ ਨਾਜਾਇਜ਼ ਢੰਗ ਨਾਲ ਕਰੋੜਾਂ ਰੁਪਏ ਦੀ ਕਰੰਸੀ ਦੀ ਅਦਲਾ-ਬਦਲੀ ਕੀਤੀ ਤੇ ਇੱਕੋ ਵਿਅਕਤੀ ਨੂੰ ਕਈ-ਕਈ ਕਰਜ਼ੇ ਦੇ ਕੇ ਬੈਂਕ ਨੂੰ ਨੁਕਸਾਨ ਪੁਚਾਇਆ ਸੀ। ਗਲਤ ਡਿਗਰੀ ਨਾਲ ਬਹਾਦਰ ਸਿੰਘ ਤੇ ਮਨਜਿੰਦਰ ਸਿੰਘ ਨੂੰ ਤਰੱਕੀ ਵੀ ਦਿੱਤੀ ਗਈ ਸੀ ਅਤੇ ਇਹ ਸਾਰੇ ਸਭ ਕੰਮ ਹੋਣ ਵੇਲੇ ਅਖਬਾਰਾਂ ਵਿੱਚ ਖਬਰਾਂ ਵੀ ਛਪੀਆਂ ਸਨ।

TransExpert NOW HIRING! Skylark LOGISTICS INC.

Full Time Mechanic Also Needed
Highway US Drivers & Owner Operators Wanted

- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hassle at scales.
- On site fuel and scale.

Also Flatbed owner operators are needed.
Regular flatbed freight.

*Yards located in Milton ON and Puslinch both on Highway 401
Contact 6474064420 or 6479220000
if busy send txt message.



ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers

• ਕਾਲ ਕਰੋ: 416-357-4082 •





ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority


JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



# ਸ਼ੈਰਿਫ ਦੇ ਡਿਪਟੀ ਸੰਦੀਪ ਸਿੰਘ ਧਾਲੀਵਾਲ ਨੂੰ ਹਜ਼ਾਰਾਂ ਪੁਲਿਸ ਅਧਿਕਾਰੀ, ਸਿੱਖਾਂ ਅਤੇ ਹਿਊਸਟਨ ਦੇ ਲੋਕਾਂ ਨੇ ਸੇਜਲ ਅੱਖਾਂ ਨਾਲ ਸਰਧਾਂਜਲੀ ਭੇਂਟ ਕੀਤੀ

### ਪੁਲਿਸ ਅਧਿਕਾਰੀਆਂ ਵੱਲੋਂ 21 ਤੋਪਾਂ ਦੀ ਸਲਾਮੀ

ਹਿਊਸਟਨ, ਟੈਕਸਸ( ਹੁਸਨ ਲੜੋਆ ਬੰਗਾ): ਅਮਰੀਕਨ ਸਿੱਖ ਪੁਲੀਸ ਅਫਸਰ ਸੰਦੀਪ ਸਿੰਘ ਧਾਲੀਵਾਲ ਜਿਨਾਂ ਨੂੰ ਬੀਤੇ ਦਿਨੀਂ ਇੱਕ ਸਿਰ ਫਿਰੇ ਵਿਆਕਤੀ ਵਲੋਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ ਅੱਜ ਸਿਰਫ ਹਿਊਸਟਨ ਹੀ ਨਹੀ ਸਗੋਂ ਪੂਰੇ ਅਮਰੀਕਾ ਨੇ ਉਨਾਂ ਦੇ ਅੰਤਮ ਸੰਸਕਾਰ ਤੇ ਸਰਧਾਂਜਲੀ ਭੇਂਟ ਕੀਤੀ ਤੇ ਹਜਾਂਰਾਂ ਦੀ ਤਦਾਦ ਨਾਲ ਸਥਾਨਕ ਪੁਲਿਸ ਅਧਿਕਾਰੀ, ਸਿੱਖਾਂ ਅਤੇ ਹਿਊਸਟਨ ਦੇ ਲੋਕਾਂ ਨੇ ਅੰਤਮ ਸਰਕਾਰੀ ਪ੍ਰਕਿਰਿਆ ਤੇ ਸਿੱਖ ਰਹਿਤ ਮੁਰਿਆਦਾ ਨਾਲ ਕੀਤੇ ਅੰਤਿਮ 'ਚ ਸਮੂਲੀਅਤ ਕੀਤੀ। ਇਸ ਦੌਰਾਨ ਲੋਕ ਸੇਜਲ ਅੱਖਾਂ ਨਾਲ ਸਥਾਨਕ ਵਸਨੀਕ ਸੰਦੀਪ ਸਿੰਘ ਧਾਲੀਵਾਲ ਨੂੰ "ਨਿਮਰ" ਅਤੇ "ਨਿਡਰ" ਵਜੋਂ ਸਨਮਾਨਿਤ ਕਰਨ ਲਈ ਦਿਨ ਭਰ ਦੀਆਂ ਚਲੀਆਂ ਰਸਮਾਂ ਚ ਸ਼ਾਮਿਲ ਹੋਣ ਲਈ ਪਹੁੰਚੇ । ਧਾਲੀਵਾਲ, 42, ਹੈਰਿਸ ਕਾਉਂਟੀ ਵਿੱਚ ਇੱਕ ਸਿੱਖ ਸ਼ੈਰਿਫ ਦਾ ਪਹਿਲਾ ਡਿਪਟੀ ਸੀ, ਇਸ ਖੇਤਰ ਵਿੱਚ ਕਰੀਬ ਦਸ ਹਜਾਰ ਲੋਕ ਰਹਿੰਦੇ ਹਨ । ਅੱਜ ਸਰਧਾਂਜਲੀ ਸਮਾਗਮ ਦੌਰਾਨ ਅਮਰੀਕੀ ਫੌਜ ਦੇ ਕਪਤਾਨ ਸਿਮਰਤਪਾਲ ਸਿੰਘ, ਜਿਸਨੇ ਸਿੱਖ ਭਾਈਚਾਰੇ ਦੇ ਹੋਰ ਮੈਂਬਰਾਂ ਨੂੰ ਵੀ ਮਿਲਟਰੀ ਸਰਵਿਸ ਵਿਚ ਸ਼ਾਮਲ ਕੀਤਾ, ਨੇ ਧਾਲੀਵਾਲ ਬਾਰੇ ਕਿਹਾ ਕਿ ਉਹ 'ਨਿਮਰ, ਨਿਡਰ, ਨਕਾਰਾਤਮਕਤਾ ਸੋਚ ਤੋਂ ਉਪਰ ਸੀ।'ਉਨ੍ਹਾਂ ਕਿਹਾ, "ਸਾਡਾ ਸ਼ੇਰ ਸਰੀਰਕ ਤੌਰ' ਤੇ ਚਲਾ ਜਾ ਸਕਦਾ ਹੈ, ਪਰ ਉਸ ਦੀ ਨਿਰਸਵਾਰਥ ਸੇਵਾ ਅਤੇ ਰੁਕਾਵਟਾਂ ਨੂੰ ਤੋੜਨ ਵਾਲੀ ਵਿਰਾ-ਸਤ ਬਣੀ ਰਹੇਗੀ। ਅੱਜ ਦੇ ਅਯੋਜਿਨ ਵਿਚ ਦੋ ਤਰਾਂ ਦੇ ਜਲੂਸ, ਜਿਨਾਂ ਇੱਕ ਸਿੱਖ ਧਰਮ ਦੀ ਰਹਿਤ ਮੁਰਿਆਦਾ ਮੁਤਾਬਕ ਤੇ ਦੂਸਰਾ ਸਰਕਾਰੀ ਲਾਅ ਇੰਨਫੋਰਸਮੈਂਟ ਦੀ ਜਲੂਸ ਰੂਪੀ ਪ੍ਰਕਿਰਿਆ ਹੋਈ ।

ਅੰਤਮ ਸੰਸਕਾਰ ਦੌਰਾਨ ਪੁਲੀਸ ਅਧਿਕਾਰੀਆਂ ਦੁਆਰਾ 21 ਤੋਪਾਂ ਦੀ ਸਲਾਮੀ ਅਤੇ ਇਕ ਹੈਲੀਕਾਪਟਰ ਫਲਾਈਓਵਰ ਸ਼ਾਮਲ ਸਨ। ਜਲੂਸ ਦਾ ਰਸਤਾ ਨੀਲੇ ਅਤੇ ਚਿੱਟੇ ਰੰਗਾਂ ਚ ਰੰ-ਗਆ ਗਿਆ ਸੀ ਤੇ ਸੰਦੀਪ ਸਿੰਘ ਧਾਲੀਵਾਲ ਦੀ ਪ੍ਰਸੰਸਾਂ ਚ ਨੀਲੇ ਅਤੇ ਚਿੱਟੇ ਰੰਗਾਂ ਚ ਲਿਖਿਆ ਗਿਆ ਸੀ , "ਹਮੇਸ਼ਾਂ ਸਾਡੇ ਦਿਲਾਂ ਵਿੱਚ" ਅਤੇ "ਲਵਿੰਗ ਮੈਮੋਰੀ ਆਫ ਡਿਪਟੀ ਧਾਲੀਵਾਲ ।"

ਸਿੱਖ ਨੈਸ਼ਨਲ ਸੈਂਟਰ ਨੇ ਸਮਾਰੋਹ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਹੈਰੀਸ ਕਾਉਂਟੀ ਸ਼ੈਰਿਫ ਦੇ ਦਫਤਰ ਵਰਦੀ ਵਾਂਗ ਹੀ ਨੇਵੀ ਨੀਲਾ ਪਹਿਨਣ ਲਈ ਕਿਹਾ ਗਿਆ ਸੀ।

ਸੈਨੇਟਰ ਟੇਡ ਕਰੂਜ਼, ਟੈਕਸਾਸ ਨੇ ਸਮਾਰੋਹ ਦੌਰਾਨ ਦੌਰਾਨ ਹਜ਼ਾਰਾਂ ਲੋਕਾਂ ਨੂੰ ਖਾਸ ਕਰ ਧਾਲੀਵਾਲ ਦੀ ਪਤਨੀ ਅਤੇ ਤਿੰਨ ਬੱਚਿਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਭਾਈਚਾਰਾ "ਤੁਹ-ਾਡਾ ਸਮਰਥਨ ਕਰਦਾ ਹੈ ਅਤੇ ਤੁਹਾਨੂੰ ਉੱਪਰ ਚੁੱਕਦਾ ਹੈ।"ਕਰੂਜ਼ ਨੇ ਕਿਹਾ, "ਅਸੀਂ ਤੁਹਾਡੇ ਪਿਤਾ ਦੀ ਸੇਵਾ ਅਤੇ ਉਸ ਦੀ ਕੁਰਬਾਨੀ ਅਤੇ ਉਸ ਦੀ ਵਿਰਾਸਤ ਲਈ ਧੰਨਵਾਦੀ ਹਾਂ। ਤਿੰਨ ਬੱਚਿਆਂ ਦਾ ਪਿਤਾ 10 ਸਾਲ ਪਹਿਲਾਂ ਫੋਰਸ ਵਿਚ ਸ਼ਾਮਲ ਹੋਇਆ ਸੀ ਅਤੇ ਡਿਊਟੀ ਦੌਰਾਨ ਧਾਰਮਿਕ ਪੱਗ ਅਤੇ ਦਾੜ੍ਹੀ ਪਾਉਣ ਦੀ ਇਜਾਜ਼ਤ ਪ੍ਰਾਪਤ ਕਰਨ ਵਾਲੇ ਰਾਜ ਦਾ ਪਹਿਲਾ ਪੁਲਿਸ ਅਧਿਕਾਰੀ ਸੀ। ਹੈਰਿਸ ਕਾਉਂਟੀ ਸ਼ੈਰਿਫ ਐਡ ਗੋਂਜ਼ਾਲੇਜ ਨੇ ਧਾਲੀਵਾਲ ਨੂੰ "ਸਮਰਪਣ, ਵਿਸ਼ਵਾਸ, ਪਿਆਰ ਅਤੇ ਹਮਦਰਦੀ ਵਾਲਾ ਆਦਮੀ" ਦੱਸਿਆ। ਨਿਊਜਰਸੀ ਦੇ ਅਟਾਰਨੀ ਜਨਰਲ ਗੁਰਬੀਰ ਗਰੇਵਾਲ, ਜੋ ਪਹਿਲੇ ਸਿੱਖ ਅਟਾਰਨੀ ਜਨਰਲ ਹਨ, ਨੇ ਕਿਹਾ ਕਿ ਧਾਲੀਵਾਲ ਨੇ "ਸਿੱਖਾਂ ਦੀ ਇਕ ਪੂਰੀ ਪੀੜ੍ਹੀ ਨੂੰ ਲੋਕ ਸੇਵਾ ਲਈ ਪ੍ਰੇਰਿਤ ਕੀਤਾ।

ਇਨਾਂ ਸੇਵਾਵਾਂ ਦੌਰਾਨ ਪਹਿਲਾਂ ਸੋਮਵਾਰ ਨੂੰ ਧਾਲੀਵਾਲ ਲਈ ਸ਼ੈਰਿਫ ਦੇ ਦਫਤਰ ਦੁਆਰਾ ਇਕ ਮੋਮਬੱਤੀ ਰੌਸ਼ਨੀ ਦੇ ਪ੍ਰੋਗਰਾਮ ਦਾ ਪ੍ਰਬੰਧ ਵੀ ਕੀਤਾ ਗਿਆ ਸੀ ਜਿਸ ਵਿੱਚ ਸੈਂਕੜੇ ਲੋਕਾਂ ਨੇ ਸਮੂਲੀਅਤ ਕੀਤੀ ਸੀ। ਇਸ ਤੋਂ ਇਲਾਵਾ ਗੁਰੂਦੁਆਰਾ ਸਿੱਖ ਨੈਸ਼ਨਲ ਸੈਂਟਰ ਵਿਖੇ ਇੱਕ 48 ਘੰਟੇ ਧਾਰਮਿਕ ਸਮਾਗਮ ਰੱਖਿਆ ਗਿਆ।

"ਸਿੱਖ ਕੋਲੀਸ਼ਨ" ਦੇ "ਸਿਮਰਨ ਜੀਤ ਸਿੰਘ ਨੇ ਕਿਹਾ ਕਿ "ਉਹ ਇਕ ਕੌਮ ਦਾ ਹੀਰਾ ਸੀ। ਉਹ ਇੱਕ ਸੁੰਦਰ ਰੂਹ ਸੀ,"।

ਜਿਹੜਾ ਵੀ ਉਸਨੂੰ ਜਾਣਦਾ ਸੀ ਉਹ ਉਸਦੀ ਪ੍ਰਸ਼ੰਸਾ ਕਰਦਿਆ ਦੇਖਿਆ ਗਿਆ । ਜਿਥੇ ਸੰਦੀਪ ਸਿੰਘ ਧਾਲੀਵਾਲ ਦਾ ਅੰਤਮ ਸੰਸਕਾਰ ਬੇਰੀ ਸੈਂਟਰ ਵਿਖੇ ਆਯੋਜਿਤ ਕੀਤਾ ਗਿਆ, ਉਥੇ 8,000 ਲੋਕਾਂ ਦੇ ਬੈਠ ਸਕਦੇ ਸਨ, ਪਰ ਲੋਕਾਂ ਦੀ ਭੀੜ ਕਾਰਣ ਜਗ੍ਹਾ ਘੱਟ ਗਈ ਸੀ। ਸਾਰੀਆਂ ਸੇਵਾਵਾਂ ਨੂੰ ਕਈ ਟੀ ਵੀ ਚੈਨਲਾਂ , ਫੇਸਬੁੱਕ, ਟਵਿੱਟਰ ਅਤੇ ਯੂ-ਟਿਊਬ 'ਤੇ ਲਾਈਵ ਕੀਤਾ ਗਿਆ ਸੀ। ਧਾਲੀਵਾਲ ਨੂੰ ਗੋਲੀਆਂ ਮਾਰਨ ਵਾਲਾ ਸੋਲਿਸ ਪੈਰੋਲ ਦੀ ਉਲੰਘਣਾ ਕਰਨ 'ਤੇ ਉਸ ਦੀ ਗ੍ਰਿਫਤਾਰੀ ਲਈ ਵਾਰੰਟ ਹੈ । ਉਸਦੀ ਇਹ ਕਰਤੂਤ ਮੁੜ ਫਿਰ ਉਸਨੂੰ ਜੇਲ੍ਹ ਲੈ ਗਈ। ਸੋਲਿਸ, ਜਿਸ 'ਤੇ ਕੈਪੀਟਲ ਕਤਲ ਦਾ ਇਲਜ਼ਾਮ ਲਗਾਇਆ ਗਿਆ ਸੀ, ਨੂੰ ਇਕ ਗਵਾਹ ਦੁਆਰਾ ਦਿੱਤੀ ਗਈ ਨਿਸ਼ਾਨੀ ਤੋਂ ਬਾਅਦ ਨੇੜਲੇ ਗਰੋਸਰੀ ਸਟੋਰ ਦੀ ਪਾਰਕਿੰਗ' ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਸੋਲਿਸ ਦੀ ਪਹਿਲੀ ਸੁਣਵਾਈ ਦੌਰਾਨ ਹੈਰਿਸ ਕਾਉਂਟੀ ਦੇ ਜੱਜ ਕ੍ਰਿਸ ਮੋਰਟਨ ਨੇ ਸਖਤ ਬੋਲਿਆ ਤੇ ਕਿਹਾ "ਇਸਦਾ ਸੰਭਾਵਤ ਨਤੀਜਾ ਹੈ ਕਿ ਇੱਥੇ ਮੌਤ ਦੀ ਸਜ਼ਾ ਹੋਵੇਗੀ."













KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖ਼ੁਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6







# ਸੰਪਾਦਕੀ

## ਟੋਰੀਆਂ ਦੀ ਡੱਗ ਫੋਰਡ ਨੂੰ ਤੱਜ ਜੇਸਨ ਕੈਨੀ ਉੱਤੇ ਟੇਕ ਕਿਉਂ?

ਸਟੀਫ਼ਨ ਹਾਰਪਰ ਸਰਕਾਰ ਵਿੱਚ ਇੰਮੀਗਰੇਸ਼ਨ ਮੰਤਰੀ ਰਹਿ ਚੁੱਕੇ ਅਤੇ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੈਨੀ ਦਾ ਆਪਣੇ ਫੈਡਰਲ ਕੰਜ਼ਰਵੇਟਿਵ ਸਾਥੀਆਂ ਦੀ ਮਦਦ ਵਿੱਚ ਚੋਣ ਪ੍ਰਚਾਰ ਕਰਨ ਗਰੇਟਰ ਟੋਰਾਂਟੋ ਏਰੀਆ (ਜੀ ਟੀ ਏ) ਵਿੱਚ ਪੁੱਜਣਾ ਅੱਜ ਕੱਲ ਵੱਡੀ ਖ਼ਬਰ ਬਣੀ ਹੋਈ ਹੈ। ਸਿਆਸੀ ਦੰਦ ਚਰਚਾ ਹੈ ਕਿ ਟੋਰੀ ਆਗੂ ਐਂਡਰੀਊ ਸ਼ੀਅਰ ਉਮੀਦ ਕਰ ਰਿਹਾ ਹੈ ਕਿ ਪਰਵਾਸੀ ਵੋਟਰਾਂ ਦੀ ਬਹੁਤਾਤ ਵਾਲੇ ਇਸ ਖੇਤਰ ਵਿੱਚ ਜੋ ਕਾਰਜ ਉਹ ਖੁਦ ਨਹੀਂ ਕਰ ਸਕੇ, ਉਹ ਜੇਸਨ ਕੈਨੀ ਕਰ ਵਿਖਾਏਗਾ ਭਾਵ ਉਹ ਪਰਵਾਸੀ ਵੋਟਰਾਂ ਨੂੰ ਟੋਰੀਆਂ ਦੇ ਹੱਕ ਵਿੱਚ ਲਾਮਬੰਦ ਕਰਨ ਵਿੱਚ ਸਫ਼ਲ ਹੋਵੇਗਾ। ਪੰਜਾਬੀ ਪੋਸਟ ਨੇ ਹਾਲੇ ਚੰਦ ਕੁ ਦਿਨ ਪਹਿਲਾਂ ਇੱਕ ਸੰਪਾਦਕੀ ਵਿੱਚ ਜ਼ਿਕਰ ਕੀਤਾ ਸੀ ਕਿ ਐਂਡਰੀਊ ਸ਼ੀਅਰ ਆਪਣੇ ਚੋਣ ਪ੍ਰਚਾਰ ਨੂੰ ਚੁਸਤ ਦਰੁਸਤ ਬਣਾਉਣ ਲਈ ਜੀ ਟੀ ਏ ਵਿੱਚ ਦੂਜਾ ਜੇਸਨ ਕੈਨੀ ਪੈਦਾ ਨਹੀਂ ਕਰ ਸਕਿਆ।

ਮਜ਼ੇਦਾਰ ਗੱਲ ਇਹ ਕਿ ਐਂਡਰੀਊ ਸ਼ੀਅਰ ਕੋਈ ਦੂਜਾ ਜੇਸਨ ਕੈਨੀ ਤਾਂ ਤਿਆਰ ਨਹੀਂ ਕਰ ਸਕਿਆ ਸਗੋਂ ਪੁਰਾਣੇ ਜੇਸਨ ਕੈਨੀ ਨੂੰ ਹੀ ਬੰਦ ਪੇਟੀ ਵਿੱਚੋਂ ਕੱਢ ਲਿਆਂਦਾ ਹੈ। ਸੁਆਲ ਉੱਠਦਾ ਹੈ ਕਿ 2011 ਵਿੱਚ ਜਿਸ ਕੈਨੀ ਨੇ ਭਾਰਤੀ ਮੂਲ ਦੇ ਹਿੰਦੂ ਸਿੱਖਾਂ, ਚੀਨੀਆਂ, ਫਿਲੀਪੀਨੀਆਂ, ਪਾਕਿਸਤਾਨੀਆਂ, ਅਰਬ ਮੂਲ ਦੇ ਵੋਟਰਾਂ ਸਮੇਤ ਵੱਖੋ ਵੱਖ ਭਾਈਚਾਰਿਆਂ ਨੂੰ ਟੋਰੀ ਪਾਰਟੀ ਨਾਲ ਜੋੜਿਆ ਸੀ, ਕੀ 8 ਸਾਲ ਬਾਅਦ ਵੀ ਉਸਦਾ ਜਾਦੂ ਉਂਵੇ ਹੀ ਚੱਲ ਸਕੇਗਾ? ਚੇਤੇ ਰਹੇ ਕਿ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ 2015 ਦੀਆਂ ਚੋਣਾਂ ਵਿੱਚ ਜੇਸਨ ਕੈਨੀ ਨੂੰ ਜੀ ਟੀ ਏ ਵਿੱਚ ਬਹੁਤਾ ਨਹੀਂ ਸੀ ਪਰਖਿਆ।

ਜਿੱਥੇ ਜੇਸਨ ਕੈਨੀ ਦੀ ਕੰਜ਼ਰਵੇਟਿਵ ਚੋਣ ਪ੍ਰਚਾਰ ਵਿੱਚ ਸ਼ਮੂਲੀਅਤ ਦਿਲਚਸਪ ਮੋੜ ਹੈ ਉੱਥੇ ਹੈਰਾਨੀ ਹੈ ਕਿ ਪ੍ਰੀਮੀਅਰ ਡੱਗ ਫੋਰਡ ਨੂੰ ਵੋਟਰਾਂ ਨਾਲ ਸੰਪਰਕ ਕਰਨ ਤੋਂ ਰੋਕ ਕੇ ਰੱਖਣ ਪਿੱਛੇ ਪਾਰਟੀ ਚੋਣ ਮਸ਼ੀਨਰੀ ਦੀ ਕੀ ਸੋਚ ਕੰਮ ਕਰਦੀ ਹੈ। ਜਿੱਥੇ ਤੱਕ ਉਂਟੇਰੀਓ ਵਿੱਚ ਸਿਆਸੀ ਮੂਡ ਦਾ ਸੁਆਲ ਹੈ, ਲਿਬਰਲ ਲੀਡਰ ਜਸਟਿਨ ਟਰੂਡੋ ਵੱਲੋਂ ਡੱਗ ਫੋਰਡ ਦੀਆਂ ਨੀਤੀਆਂ ਵਿਸ਼ੇਸ਼ ਕਰਕੇ ਸਕੂਲ ਵਰਕਰਾਂ ਦੀ ਹੜਤਾਲ ਨੂੰ ਲੈ ਕੇ ਡੱਗ ਫੋਰਡ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਿਆਸੀ ਮਾਹਰ ਹੈਰਾਨ ਹਨ ਕਿ ਐਂਡਰੀਊ ਸ਼ੀਅਰ ਇਹ ਵੇਖਣ ਵਿੱਚ ਕਿਉਂ ਅਸਫ਼ਲ ਹੋ ਰਿਹਾ ਹੈ ਕਿ ਇੱਕ ਖਾਸ ਕਿਸਮ ਦੇ ਜਨਤਕ ਆਧਾਰ ਵਾਲੇ ਪ੍ਰੀਮੀਅਰ ਡੱਗ ਫੋਰਡ ਨੂੰ ਉਸਦੇ ਆਧਾਰ ਤੋਂ ਦੂਰ ਰੱਖ ਕੇ ਫੈਡਰਲ ਕੰਜ਼ਰਵੇਟਿਵ ਕੀ ਹਾਸਲ ਕਰਨਾ ਚਾਹੁੰਦੇ ਹਨ? ਸਮਝਿਆ ਜਾ ਰਿਹਾ ਹੈ ਕਿ ਡੱਗ ਫੋਰਡ ਦਾ ਇਰਾਦਾ ਜਸਟਿਨ ਟਰੂਡੋ ਨੂੰ ਹਰ ਮੁੱਦੇ ਉੱਤੇ ਇੱਟ ਦਾ ਜਵਾਬ ਪੱਥਰ ਨਾਲ ਦੇਣ ਦਾ ਹੈ ਪਰ ਫੈਡਰਲ ਟੋਰੀਆਂ ਦੀ ਇੱਜ਼ਤ ਨੂੰ ਹੋਰ ਖੋਰੇ ਤੋਂ ਬਚਾਉਣ ਲਈ ਉਹ ਆਪਣੀ ਜ਼ੁਬਾਨ ਨੂੰ ਬੰਦ ਰੱਖਣ ਦਾ ਔਖਾ ਕੰਮ ਕਰ ਰਿਹਾ ਹੈ।

ਕੈਨੇਡਾ ਦੇ ਧੁਰ ਦੂਜੇ ਪਾਸੇ ਜਾ ਵੱਸੇ ਜੇਸਨ ਕੈਨੀ ਨੂੰ ਜੀ ਟੀ ਏ ਵਿੱਚ ਵਿਚੋਲਗਿਰੀ ਕਰਨ ਲਈ ਬੁਲਾ ਕੇ ਐਂਡਰੀਊ ਸ਼ੀਅਰ ਵੋਟਰਾਂ ਵਿੱਚ ਇਹ ਪ੍ਰਭਾਵ ਪੈਦਾ ਕਰ ਰਹੇ ਹਨ ਕਿ ਉਹਨਾਂ ਦੇ ਕੈਂਪ ਨੂੰ ਕਿਸੇ ਪ੍ਰਭਾਵਸ਼ਾਲੀ ਲੀਡਰ ਦੀ ਸਖ਼ਤ ਲੋੜ ਹੈ। ਮਾਹਰ ਇਹ ਵੀ ਮੰਨ ਰਹੇ ਹਨ ਕਿ ਡੱਗ ਫੋਰਡ ਦੇ ਮੂੰਹ ਉੱਤੇ ਤਾਲਾ ਲਾ ਕੇ ਸ਼ੀਅਰ ਪਾਰਟੀ ਮਸ਼ੀਨਰੀ ਦੇ ਮਨ ਵਿੱਚ ਬੈਠੇ ਡਰ ਨੂੰ ਉਜਾਗਰ ਕਰਨ ਤੋਂ ਇਲਾਵਾ ਕੋਈ ਹੋਰ ਲਾਭ ਹਾਸਲ ਨਹੀਂ ਕਰ ਰਹੇ।

ਜਿੱਥੇ ਤੱਕ ਸਿਆਸੀ ਬਿਆਨਬਾਜ਼ੀ ਦੇ ਮੁਕਾਬਲੇ ਦੀ ਗੱਲ ਹੈ, ਜੋ ਬਾਣ ਜਸਟਿਨ ਟਰੂਡੋ ਅਤੇ ਉਸਦੇ ਸਾਥੀ ਲਿਬਰਲਾਂ ਵੱਲੋਂ ਡੱਗ ਫੋਰਡ ਨੂੰ ਨਿਸ਼ਾਨਾ ਬਣਾ ਕੇ ਛੱਡੇ ਜਾ ਰਹੇ ਹਨ, ਉਹਨਾਂ ਦਾ ਜਵਾਬ ਦੇਣ ਦੀ ਡੱਗ ਫੋਰਡ ਕੋਲ ਭਰਪੂਰ ਸਮਰੱਥਾ ਹੈ। ਕੌੜਾ ਸਿਆਸੀ ਸੱਚ ਇਹ ਵੀ ਹੈ ਕਿ ਜਦੋਂ ਤੱਕ ਫੋਰਡ ਚੁੱਪ ਕਰਾ ਕੇ ਰੱਖਿਆ ਜਾਵੇਗਾ, ਉਸ ਵੇਲੇ ਤੱਕ ਟਰੂਡੋ ਦੇ ਪ੍ਰੋਵਿੰਸ਼ੀਅਲ ਮੁੱਦਿਆਂ ਨੂੰ ਲੈ ਕੇ ਦਾਗੀਆਂ ਤੋਪਾਂ ਦਾ ਜਵਾਬ ਕਿਸੇ ਟੋਰੀ ਕੋਲ ਨਹੀਂ ਹੋਵੇਗਾ। ਲੋਹੇ ਨੂੰ ਹੀ ਲੋਹਾ ਕੱਟ ਸਕਦਾ ਹੈ ਅਤੇ ਫੋਰਡ ਨੂੰ ਚੁੱਪ ਕਰਾ ਕੇ ਟੋਰੀ ਆਪਣੇ ਪੈਰਾਂ ਉੱਤੇ ਕੁਹਾੜਾ ਮਾਰ ਰਹੇ ਜਾਪਦੇ ਹਨ।

ਕਿਸੇ ਵੀ ਜੰਗ ਵਿੱਚ ਜਿੱਤ ਹਾਰ ਦਾ ਫੈਸਲਾ ਇਹ ਗੱਲ ਕਰਦੀ ਹੁੰਦੀ ਹੈ ਕਿ ਕਿਹੜੀ ਧਿਰ ਡਰ ਦਾ ਭਾਵ ਧਾਰ ਕੇ ਜੰਗ ਦੇ ਮੈਦਾਨ ਵਿੱਚ ਆ ਰਹੀ ਹੈ। ਇਹੀ ਅਸੂਲ ਚੋਣਾਂ ਵਿੱਚ ਫੈਸਲਾਕੁਨ ਸਾਬਤ ਹੋਇਆ ਕਰਦਾ ਹੈ। ਇਸ ਅਸੂਲ ਦੀ ਅਣਦੇਖੀ ਦੀ ਟੋਰੀਆਂ ਨੂੰ ਭਾਰੀ ਕੀਮਤ ਅਦਾ ਕਰਨੀ ਪੈ ਸਕਦੀ ਹੈ।


## ਡੈਮੋਕ੍ਰੇਟ ਸੰਸਦ ਮੈਂਬਰਾਂ ਨੇ ਵ੍ਹਾਈਟ ਹਾਊਸ ਨੂੰ 18 ਅਕਤੂਬਰ ਦਾ ਸੰਮਨ ਭੇਜਿਆ

ਵਾਸ਼ਿੰਗਟਨ, 6 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੀ ਪਾਰਲੀਮੈਂਟ ਦੇ ਡੈਮੋਕ੍ਰੇਟਿਕ ਮੈਂਬਰਾਂ ਨੇ ਕੱਲ੍ਹ ਸੰਮਨ ਜਾਰੀ ਕਰ ਕੇ ਰਾਸ਼ਟਰਪਤੀ ਭਵਨ ਵ੍ਹਾਈਟ ਹਾਊਸ ਨੂੰ ਕਿਹਾ ਹੈ ਕਿ ਉਹ ਯੂਕਰੇਨ ਕੇਸ ਨਾਲ ਜੁੜੇ ਦਸਤਾਵੇਜ਼ 18 ਅਕਤੂਬਰ ਤੱਕ ਪਾਰਲੀਮੈਂਟ ਦੀਆਂ ਕਮੇਟੀਆਂ ਨੂੰ ਸੌਂਪ ਦੇਣ।

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਇਹ ਦੋਸ਼ ਹੈ ਕਿ ਉਨ੍ਹਾਂ ਨੇ ਅਗਲੇ ਸਾਲ ਨਵੰਬਰ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਵਿਦੇਸ਼ੀ ਮਦਦ ਲੈਣ ਦਾ ਯਤਨ ਕੀਤਾ ਸੀ। ਇਸ ਮਾਮਲੇ ਵਿੱਚ ਡੋਨਾਲਡ ਟਰੰਪ ਉੱਤੇ ਮਹਾਦੋਸ਼ ਚਲਾਉਣ ਦੀ ਜਾਂਚ ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀਆਂ ਖੁਫੀਆ, ਵਿਦੇਸ਼ ਤੇ ਨਿਗਰਾਨੀ ਤੇ ਸੁਧਾਰ ਮਾਮਲਿਆਂ ਦੀਆਂ ਕਮੇਟੀਆਂ ਕਰ ਰਹੀਆਂ ਹਨ। ਇਸ ਸਦਨ ਵਿੱਚ ਡੈਮੋਕ੍ਰੇਟਿਕ ਪਾਰਟੀ ਬਹੁਮਤ ਵਿੱਚ ਹੈ। ਯੂਕਰੇਨ ਮਾਮਲੇ ਦੀ ਜਾਂਚ ਕਰ ਰਹੀਆਂ ਤਿੰਨੇ ਕਮੇਟੀਆਂ ਦੇ ਮੁਖੀਆਂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਦਸਤਾਵੇਜ਼ਾਂ ਲਈ ਵ੍ਹਾਈਟ ਹਾਊਸ ਨੂੰ ਕਈ ਵਾਰ ਬੇਨਤੀ ਕੀਤੀ ਗਈ ਸੀ, ਪਰ ਉਸ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।

## People’s Party tackles affordable housing head-on

October 6 : Canada has a housing-affordability crisis. In cities across the country, ordinary Canadians cannot afford to buy the houses to raise their growing families. Past governments have made the problem of Affordable Housing progressively worse In 2018 alone, there were 37,000 new apartments built nationwide, but demand increased by 50,000 units, according to tracking done by the CMHC.With shortages like this, it’s no wonder that Canadians regularly report in polling that they are in a financial squeeze



Past Federal governments have done little to solve the long-term structural problems of the rising costs of housing. One of the fundamental barriers to Affordable Housing is disposable income. Out of 61 Canadian and US jurisdictions, 9 Canadian provinces are amongst top 10 jurisdictions with the highest marginal tax rates. Not only are our taxes difficult to calculate, they are too high and discourage businesses to invest in creating new jobs.

The People’s Party will tackle affordable housing head on by ensuring there is no tax on income up to $15k per year, 15% income tax on income between $15K and $100K per year, 25% income tax on income over $100K year.

This plan will put more money in your pocket.That money can be used to ease the burden of high housing costs.

Not Left… Not Right… it is now time to MOVE FORWARD.







## ਟਰੰਪ ਖਿਲਾਫ ਦੂਜਾ ਵ੍ਹਿਸਲਬਲੋਅਰ ਆਇਆ ਸਾਹਮਣੇ

...ਪੰਨਾ 1 ਦਾ ਬਾਕੀ

ਟਰੰਪ ਵੱਲੋਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨਾਲ ਕੀਤੀ ਗਈ ਗੱਲਬਾਤ ਦੀ ਜਾਰੀ ਕੀਤੀ ਗਈ ਟਰਾਂਸਕ੍ਰਿਪਟ ਤੋਂ ਵੀ ਇਹੋ ਸਾਹਮਣੇ ਆਇਆ ਹੈ ਕਿ ਬਾਇਡਨਜ਼ ਖਿਲਾਫ ਜਾਂਚ ਲਈ ਟਰੰਪ ਵੱਲੋਂ ਜ਼ੈਲੈਂਸਕੀ ਉੱਤੇ ਦਬਾਅ ਪਾਇਆ ਗਿਆ। ਹਾਲਾਂਕਿ ਸਾਬਕਾ ਵਾਈਸ ਪ੍ਰੈਜ਼ੀਡੈਂਟ ਜਾਂ ਉਨ੍ਹਾਂ ਦੇ ਬੇਟੇ ਹੰਟਰ, ਜੋ ਕਿ ਯੂਕਰੇਨੀਆਈ ਗੈਸ ਕੰਪਨੀ ਵਿੱਚ ਕੰਮ ਕਰਦੇ ਸਨ, ਵੱਲੋਂ ਕਿਸੇ ਵੀ ਗੜਬੜੀ ਦਾ ਕੋਈ ਸਬੂਤ ਨਹੀਂ ਹੈ ਪਰ ਫਿਰ ਵੀ ਇਸ ਤਰ੍ਹਾਂ ਦਾ ਦਬਾਅ ਟਰੰਪ ਵੱਲੋਂ ਪਾਇਆ ਗਿਆ।

ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਵੱਲੋਂ ਟੈਕਸਟ ਮੈਸੇਜਿਜ਼ ਸਬੰਧੀ ਕੀਤੇ ਗਏ ਹੋਰ ਖੁਲਾਸੇ ਤੋਂ ਸਾਹਮਣੇ ਆਇਆ ਹੈ ਕਿ ਟਰੰਪ ਵੱਲੋਂ ਇਸ ਸ਼ਰਤ ਉੱਤੇ ਯੂਕਰੇਨ ਦਾ ਦੌਰਾ ਕਰਨ ਦਾ ਵਾਅਦਾ ਕੀਤਾ ਗਿਆ ਸੀ ਕਿ ਜੇ ਸਰਕਾਰ 2016 ਦੀਆਂ ਚੋਣਾਂ ਅਤੇ ਯੂਕਰੇਨ ਦੀ ਬਰਿਜ਼ਮਾ ਗੈਸ ਕੰਪਨੀ ਦੀ ਜਾਂਚ ਲਈ ਸਹਿਮਤ ਹੋਵੇਗੀ।

## ਸੀਰੀਆਈ ਕੈਂਪਾਂ ਵਿੱਚ ਬੰਦ ਕੈਨੇਡੀਅਨ ਔਰਤਾਂ ਤੇ ਬੱਚਿਆਂ ਨੂੰ ਛੁਡਵਾਉਣ ਲਈ ਸਾਬਕਾ ਐਨਡੀਪੀ ਆਗੂ ਨੇ ਉਠਾਈ ਆਵਾਜ਼

...ਪੰਨਾ 1 ਦਾ ਬਾਕੀ

ਬਰੌਡਬੈਂਟ ਨੇ ਆਖਿਆ ਕਿ ਕਈ ਮਹੀਨਿਆਂ ਤੋਂ 40 ਦੇ ਨੇੜੇ ਤੇੜੇ ਕੈਨੇਡੀਅਨ ਨਾਗਰਿਕ ਸੀਰੀਆ ਦੇ ਕੈਦਖਾਨਿਆਂ ਤੇ ਕੈਂਪਾਂ ਵਿੱਚ ਬੰਦੀ ਬਣਾ ਕੇ ਰੱਖੇ ਗਏ ਹਨ। ਉਨ੍ਹਾਂ ਦੇ ਕੈਨੇਡਾ ਪਰਤਣ ਦੀ ਬਹੁਤ ਹੀ ਘੱਟ ਉਮੀਦ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਨ੍ਹਾਂ ਵਿੱਚ ਵੱਡੀ ਗਿਣਤੀ ਅਜਿਹੇ ਬੱਚਿਆਂ ਦੀ ਹੈ ਜਿਨ੍ਹਾਂ ਦੀ ਉਮਰ ਪੰਜ ਸਾਲ ਤੋਂ ਘੱਟ ਹੈ ਤੇ ਜਿਹੜੇ ਬਿਮਾਰ ਹਨ ਤੇ ਕੁਪੋਸ਼ਣ ਦਾ ਸ਼ਿਕਾਰ ਹਨ।

ਬਰੌਡਬੈਂਟ ਨੇ ਅੱਗੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੇ ਦਾਅਵਿਆਂ ਨੂੰ ਸਿਰਫ ਇਸ ਲਈ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਕਿਉਂਕਿ ਬਾਲਗ ਸ਼ਾਇਦ ਆਈਐਸਆਈਐਸ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਸਨ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਇਸ ਸਬੰਧ ਵਿੱਚ ਲਿਖਤੀ ਤੌਰ ਉੱਤੇ ਗੁਜ਼ਾਰਿਸ਼ ਕੀਤੀ ਗਈ ਸੀ ਕਿ ਸੀਰੀਆ ਵਿੱਚ ਨਜ਼ਰਬੰਦ ਕੈਨੇਡੀਅਨਾਂ ਨੂੰ ਵਾਪਿਸ ਲਿਆਉਣ ਲਈ ਫੌਰੀ ਕਦਮ ਚੁੱਕੇ ਜਾਣ। ਪਰ ਮੰਤਰੀ ਵੱਲੋਂ ਉਨ੍ਹਾਂ ਦੇ ਇਸ ਪੱਤਰ ਦਾ ਜਵਾਬ ਆਉਣ ਵਿੱਚ ਸੱਤ ਮਹੀਨੇ ਦਾ ਸਮਾਂ ਲੱਗ ਗਿਆ। ਇਸ ਚਿੱਠੀ ਦੇ ਜਵਾਬ ਵਿੱਚ ਵਿਦੇਸ਼ ਮੰਤਰੀ ਨੇ ਇਸ ਸਬੰਧ ਵਿੱਚ ਕਾਰਵਾਈ ਨਾ ਕੀਤੇ ਜਾਣ ਦਾ ਰੋਣਾ ਹੀ ਰੋਇਆ। ਕੈਨੇਡੀਅਨ ਸਰਕਾਰ ਦਾ ਮੰਨਣਾ ਹੈ ਕਿ ਇਨ੍ਹਾਂ ਕੈਂਪਾਂ ਵਿੱਚ ਕਾਉਂਸਲਰ ਸੇਵਾਵਾਂ ਮੁਹੱਈਆ ਕਰਵਾਉਣ ਲਈ ਦਾਖਲ ਹੋਣਾ ਵੀ ਬਹੁਤ ਹੀ ਮੁਸ਼ਕਲ ਤੇ ਖਤਰਨਾਕ ਹੈ।

## ਟਰੰਪ ਦੀ ਮੁਸ਼ਕਲ ਵਧੀ: ਪੌਂਪੀਓ ਨੇ ਕਹਿ ਦਿੱਤਾ: ਮਹਾਦੋਸ਼ ਦੌਰਾਨਵਿਦੇਸ਼ ਮੰਤਰਾਲਾ ਕਾਨੂੰਨ ਦਾ ਪਾਲਣ ਕਰੇਗਾ

### * ਟਰੰਪ ਵੱਲੋਂ ਸੈਨੇਟਰ ਮਿਟ ਰੋਮਨੀ ਉੱਤੇਮਹਾਦੋਸ਼ ਦੀ ਮੋੜਵੀਂ ਮੰਗ

ਵਾਸ਼ਿੰਗਟਨ, 6 ਅਕਤੂਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਖ਼ਿਲਾਫ਼ ਮਹਾਦੋਸ਼ ਵਰਗੀ ਵੱਡੀ ਕਾਰਵਾਈਦੇ ਸ਼ੁਰੂ ਹੋਣ ਸਾਰ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਹਿ ਦਿੱਤਾ ਹੈ ਕਿ ਵਿਦੇਸ਼ ਮੰਤਰਾਲਾ ਇਸ ਕੇਸ ਵਿੱਚ ਪੂਰੀ ਤਰ੍ਹਾਂ ਕਾਨੂੰਨ ਦਾ ਪਾਲਣ ਕਰੇਗਾ। ਉਂਜ ਇਸ ਮੌਕੇ ਉਨ੍ਹਾਂ ਨੇ ਅਗਲੀਆਂ ਰਾਸ਼ਟਰਪਤੀ ਚੋਣਾਂ ਵਿੱ-ਚਡੋਨਾਲਡ ਟਰੰਪ ਦੇ ਵਿਰੋਧੀ ਉਮੀਦਵਾਰ ਬਣ ਸਕਣ ਵਾਲੇਸਾਬਕਾ ਉਪ ਰਾਸ਼ਟਰਪਤੀਜੋ ਬਿਡੇਨ ਦੇ ਖ਼ਿਲਾਫ਼ ਜਾਂਚ ਸ਼ੁਰੂ ਕਰਵਾਉਣ ਦੇ ਲਈ ਯੂਕ੍ਰੇਨ ਉੱਤੇ ਦਬਾਅ ਬਣਾਉਣ ਦੇ ਆਪਣੇ ਰਾਸ਼ਟਰਪਤੀ ਟਰੰਪ ਦੇ ਯਤਨ ਦਾ ਬਚਾਅ ਕੀਤਾ ਹੈ। ਯੂਨਾਨ ਦੀ ਯਾਤਰਾ ਉੱਤੇ ਗਏ ਹੋਏ ਪੌਂਪੀਓ ਨੇ ਪੱਤਰਕਾਰਾਂ ਨਾਲ ਗੱਲਬਾਤ ਵਿੱਚਇਹ ਗੱਲਾਂ ਕਹੀਆਂ ਹਨ।

ਵਰਨਣ ਯੋਗ ਹੈ ਕਿ ਡੈਮੋਕ੍ਰੇਟ ਪਾਰਲੀਮੈਂਟ ਮੈਂਬਰਾਂ ਦੀ ਕਮੇਟੀ ਨੇ ਵਿਦੇਸ਼ ਮੰਤਰਾਲੇ ਨੂੰ ਬਾਕਾਇਦਾ ਸੰਮਨ ਭੇਜ ਕੇ ਯੂਕ੍ਰੇਨ ਦੇ ਰਾਸ਼ਟਰਪਤੀ ਅਤੇ ਟਰੰਪ ਦੇ ਅਟਾਰਨੀ ਰੂਡੀ ਗਿਉਲਿਆਨੀ ਨਾਲ ਜੁੜੇ ਦਸਤਾਵੇਜ਼ ਮੰਗੇ ਅਤੇ ਇਸਦੇ ਲਈ ਸ਼ੁੱਕਰਵਾਰ ਤਕ ਸਮਾਂ ਦਿੱਤਾ ਸੀ। ਪੌਂਪੀਓ ਨੇ ਕਿਹਾ, ‘ਵਿਦੇਸ਼ ਮੰਤਰਾਲੇ ਨੇ ਪਾਰਲੀਮੈਂਟ ਨੂੰ ਪੱਤਰ ਭੇਜ ਦਿੱਤਾ ਹੈ, ਜਿਹੜਾ ਉਨ੍ਹਾਂ ਵੱਲੋਂ ਦਸਤਾਵੇਜ਼ ਮੰਗਣਦਾ ਸਾਡਾ ਮੁੱਢਲਾ ਜਵਾਬ ਹੈ। ਯਕੀਨੀ ਤੌਰ ਉੱਤੇ ਅਸੀਂ ਉਹ ਹਰ ਚੀਜ਼ ਕਰਾਂਗੇ,ਜਿਸ ਨੂੰ ਕਾਨੂੰਨੀ ਪੱਖੋਂ ਕਰਨ ਦੀ ਲੋੜ ਹੋਵੇਗੀ।’ ਉਨ੍ਹਾਂ ਕਿਹਾ, ‘ਮੈਂ ਪਾਰਲੀਮੈਂਟ ਮੈਂਬਰ ਰਹਿ ਚੁੱਕਾ ਹਾਂ। ਧਾਰਾ ਇਕ ਦੇ ਤਹਿਤ ਕੁਝ ਨਿਸ਼ਚਿਤ ਤਾਕਤਾਂ ਮਿਲੀਆਂ ਹੋਈਆਂ ਹਨ ਅਤੇ ਧਾਰਾ ਦੋ ਹੇਠ ਵਿਦੇਸ਼ ਮੰਤਰਾਲੇ ਦੇ ਅਫਸਰਾਂ ਦੀ ਰੱਖਿਆ ਯਕੀਨੀ ਕਰਨ ਦੀ ਗੱਲ ਵੀ ਕਹੀ ਗਈ ਹੈ।’ ਇਸ ਤੋਂ ਪਹਿਲਾਂ ਪੌਂਪੀਓ ਨੇ ਮਹਾਦੋਸ਼ ਦੀ ਜਾਂਚ ਦੇ ਨਾਂਅ ਉੱਤੇਪਾਰਲੀਮੈਂਟ ਵੱਲੋਂ ਧਮਕਾਏ ਜਾਣ ਦਾ ਦੋਸ਼ ਵੀ ਲਾਇਆ ਸੀ।ਅਮਰੀਕਾ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਵਿੱਚਬਹੁ-ਗਿਣਤੀ ਵਾਲੇ ਡੈਮੋਕ੍ਰੇਟ ਮੈਂਬਰਾਂ ਦੀ ਇੱਕ ਕਮੇਟੀ ਇਹ ਜਾਂਚ ਕਰ ਰਹੀ ਹੈ ਕਿ ਡੋਨਾਲਡ ਟਰੰਪ ਉੱਤੇ ਮਹਾਦੋਸ਼ ਚਲਾਉਣ ਦਾ ਆਧਾਰ ਵੀ ਬਣਦਾ ਹੈ ਜਾਂ ਨਹੀਂ। ਰਾਸ਼ਟਰਪਤੀ ਟਰੰਪ ਉੱਤੇ ਮਹਾਦੋਸ਼ ਦੀ ਕਾਰਵਾਈ ਇਕ ਵ੍ਹਿਸਲ ਬਲੋਅਰ ਵੱਲੋਂ ਲਾਏ ਦੋਸ਼ ਉੱਤੇ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ 25 ਜੁਲਾਈ ਨੂੰ ਟਰੰਪ ਨੇ ਯੂਕ੍ਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੈਲੇਂਸਕੀ ਨੂੰ ਫੋਨ ਕਰ ਕੇ ਆਪਣੇ ਵਿਰੋਧੀ ਤੇ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਬਿਡੇਨ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਦੀ ਜਾਂਚ ਸ਼ੁਰੂ ਕਰਾਉਣ ਲਈ ਦਬਾਅ ਬਣਾਇਆ ਸੀ। ਦੂਸਰੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਆਲੋਚਕ ਤੇ ਆਪਣੀ ਰਿਪਬਲਿਕਨ ਪਾਰਟੀ ਦੇ ਇੱਕ ਸੈਨੇਟਰ ਮਿਟ ਰੋਮਨੀ ਦੇ ਖ਼ਿਲਾਫ਼ ਮਹਾਦੋਸ਼ ਚਲਾਉਣ ਦੀ ਅਪੀਲ ਕੀਤੀ ਹੈ। ਟਰੰਪ ਨੇ ਸ਼ਨਿਚਰਵਾਰ ਨੂੰ ਟਵੀਟ ਕਰ ਕੇ ਕਿਹਾ: ‘ਮੈਂ ਸੁਣਿਆ ਹੈ ਕਿ ਉਟਾ ਦੇ ਲੋਕਾਂ ਨੂੰ ਲੱਗਦਾ ਹੈ ਕਿ ਹੰਕਾਰੀ ਸੈਨੇਟਰ ਮਿਟ ਰੋਮਨੀ ਨੂੰ ਵੋਟ ਦੇ ਕੇ ਉਨ੍ਹਾਂ ਵੱਡੀ ਗ਼ਲਤੀ ਕੀਤੀ ਹੈ। ਮੈਂ ਇਸ ਨਾਲ ਸਹਿਮਤ ਹਾਂ। ਉਹ ਮੂਰਖ਼ ਵਿਅਕਤੀ ਹੈ। ਮਿਟ ਰੋਮਨੀ ਦੇ ਖ਼ਿਲਾਫ਼ ਮਹਾਦੋਸ਼ ਚਲਾਇਆ ਜਾਣਾ ਚਾਹੀਦਾ ਹੈ।’ ਹਾਲੇ ਇਕ ਦਿਨ ਪਹਿਲਾਂ ਮਿੱਟ ਰੋਮਨੀ ਨੇ ਯੂਕ੍ਰੇਨ ਕੇਸ ਵਿੱਚ ਟਰੰਪ ਦੀ ਆਲੋਚਨਾ ਕੀਤੀ ਸੀ, ਜਿਸ ਤੋਂ ਬਾਅਦ ਡੋਨਾਲਡ ਟਰੰਪ ਨੇ ਇਹ ਟਵੀਟ ਕੀਤਾ ਹੈ। ਰੋਮਨੀ ਨੇ ਸਾਲ 2016 ਦੀਆਂ ਰਾਸ਼ਟਰਪਤੀ ਚੋਣਾਂਦੇ ਦੌਰਾਨ ਵੀ ਟਰੰਪ ਨੂੰ ਧੋਖੇਬਾਜ਼ ਕਿਹਾ ਸੀ। ਅੱਜ ਟਰੰਪ ਨੇ ਇਕ ਹੋਰ ਟਵੀਟ ਕੀਤਾ, ‘ਡੈਮੋਕ੍ਰੇਟ ਨਾ ਸਿਰਫ਼ 2020 ਦੀਆਂ ਚੋਣਾਂ ਵਿੱਚ ਦਖ਼ਲ ਦੇ ਰਹੇ ਹਨ, ਸਗੋਂ 2016 ਦੀਆਂ ਚੋਣਾਂਵੇਲੇ ਵੀ ਉਨ੍ਹਾਂ ਨੇ ਇਹ ਹੀ ਯਤਨ ਕੀਤਾ ਸੀ।’

## ਵਿਆਹ ਵਾਲੇ ਘਰ ਬੇਇੱਜ਼ਤੀ ਹੋਈ ਤਾਂ ਨੌਜਵਾਨ ਨੇ ਖੁਦਕੁਸ਼ੀ ਕਰ ਲਈ

ਗਿੱਦੜਬਾਹਾ, 6 ਅਕਤੂਬਰ (ਪੋਸਟ ਬਿਊਰੋ)- ਵਿਆਹ ਵਾਲੇ ਘਰ ਵਿੱਚ ਕਿਸੇ ਗੱਲ ਬਾਰੇ ਆਪਸੀ ਤੂ-ਤੂ, ਮੈਂ-ਮੈਂ ਏਨੀ ਵਧ ਗਈ ਕਿ ਬਾਰਾਤ ਜਾਣ ਪਿੱਛੋਂ ਦੋ ਜਣਿਆਂ ਨੇ ਜਿਸ ਦੇ ਘਰ ਵੜ ਕੇ ਗਾਲੀ ਗਲਚ ਅਤੇ ਕੁੱਟਮਾਰ ਕੀਤੀ, ਉਸ ਦੇ ਆਪਣੀ ਬੇਇੱਜ਼ਤੀ ਮਹਿਸੂਸ ਕਰ ਕੇ ਗਲ ਰੱਸੀ ਪਾ ਕੇ ਖੁਦਕੁਸ਼ੀ ਕਰ ਲਈ। ਇਸ ਬਾਰੇ ਥਾਣਾ ਕੋਟ ਭਾਈ ਪੁਲਸ ਨੇ ਦੋ ਜਣਿਆਂ ਦੇ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਦੀ ਤਲਾਸ਼ ਵਿੱਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

ਪਿੰਡ ਮੱਲਣ ਦੀ ਵਸਨੀਕ ਬਲਵਿੰ-ਦਰ ਕੌਰ ਪਤਨੀ ਗੁਰਮੀਤ ਸਿੰਘ ਨੇ ਕੋਟ ਭਾਈ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ ਕਿ ਉਸ ਦੇ ਪਤੀ ਤਿੰਨ ਭਰਾ ਸਨ। ਬੀਤੀ ਦੋ ਅਕਤੂਬਰ ਨੂੰ ਉਸ ਦੇ ਜੇਠ ਪੂਰਨ ਸਿੰਘ ਦੇ ਲੜਕੇ ਜਸਵੀਰ ਸਿੰਘ ਦਾ ਵਿਆਹ ਸੀ, ਜਿੱਥੇ ਉਹ ਵੀ ਮੌਜੂਦ ਸਨ। ਇਸ ਦੌਰਾਨ ਉਥੇ ਸੋਭਾ ਸਿੰਘ ਪੁੱਤਰ ਰਾਏ ਸਿੰਘ ਉਰਫ ਦੋਲੀ ਤੇ ਕੁਲਵਿੰਦਰ ਸਿੰਘ ਪੁੱਤਰ ਚਾਂਦੀ ਸਿੰਘ ਪਿੰਡ ਮੱਲਣ ਪਹੁੰਚੇ ਤਾਂ ਉਸ ਦੇ ਪਤੀ ਗੁਰਮੀਤ ਸਿੰਘ ਨਾਲ ਕਿਸੇ ਗੱਲ ਨੂੰ ਲੈ ਕੇ ਉਨ੍ਹਾਂ ਦੀ ਤੂ-ਤੂ, ਮੈਂ ਮੈਂ ਹੋ ਗਈ। ਉਸ ਦੇ ਜੇਠ ਦੇ ਬੇਟੇ ਦੀ ਬਰਾਤ ਜਾਣ ਪਿੱਛੋਂ ਸਵੇਰੇ ਕਰੀਬ ਸਾਢੇ 11 ਵਜੇ ਦੋਵੇਂ ਦੋਸ਼ੀ ਉਨ੍ਹਾਂ ਦੇ ਘਰ ਆਏ ਅਤੇ ਗਾਲੀ-ਗਲੋਚ ਕਰਦੇ ਹੋਏ ਉਸ ਦੇ ਪਤੀ ਗੁਰਮੀਤ ਸਿੰਘ ਨਾਲ ਮਾਰਕੁੱਟ ਕਰਨ ਲੱਗੇ। ਇਸ ਬਾਰੇ ਉਸ ਨੇ ਆਪਣੇ ਜੇਠ ਪੂਰਨ ਸਿੰਘ ਤੇ ਪਿੰਡ ਦੇ ਸਾਬਕਾ ਸਰਪੰਚ ਬਲਕਰਨ ਸਿੰਘ ਨੂੰ ਦੱਸਿਆ, ਪਰ ਅਗਲੇ ਦਿਨ ਟੈਂਸ਼ਨ ਕਾਰਨ ਕਰੀਬ ਪੌਣੇ ਛੇ ਵਜੇ ਉਠ ਕੇ ਦੇਖਿਆ ਤਾਂ ਉਸ ਦਾ ਪਤੀ ਗੁਰਮੀਤ ਸਿੰਘ ਘਰ ਵਿੱਚ ਲੱਗੇ ਨਿੰਮ ਦੇ ਰੁੱਖ 'ਤੇ ਰੱਸੀ ਗਲੇ ਵਿੱਚ ਪਾ ਕੇ ਲਟਕ ਰਿਹਾ ਸੀ। ਉਸ ਦਾ ਕਹਿਣਾ ਹੈ ਕਿ ਇਸ ਘਟਨਾ ਲਈ ਉਕਤ ਦੋਸ਼ੀ ਜ਼ਿਮੇਵਾਰ ਹਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.















# ਅਲਬਰਟਾ ਦੇ ਪ੍ਰੀਮੀਅਰ ਜੇਸਨ ਕੈਨੀ ਰਮਨਦੀਪ ਬਰਾੜ ਦੀ ਸਹਾਇਤਾ ਲਈ ਨਾਨਕਸਰ ਗੁਰੂਘਰ ਪਹੁੰਚੇ



ਬਰੈਂਪਟਨ (ਸੁਰਜੀਤ ਸਿੰਘ ਫਲੋਰਾ) ਬੀਤੇ ਵੀਕਐਂਡ ਤੇ ਬਰੈਂਪਟਨ ਸਾਊਥ ਤੋਂ ਰਮਨਦੀਪ ਬਰਾੜ ਵਲੋਂ ਗੁਰਦੁ-ਆਰਾ ਨਾਨਕਸਰ ਵਿਖੇ ਸ੍ਰੀ ਅਖੰਡਪਾਠ ਸਾਹਿਬ ਦੇ ਪਾਠ ਰਖਵਾਏ ਗਏ ਸਨ ਤੇ ਐਤਵਾਰ ਨੂੰ ਭੋਗ ਉਪਰੰਤ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੈਨੀ ਵਲੋਂ ਉਹਨਾਂ ਦੀ ਸਹਾਇਤਾ ਲਈ ਪਹੁੰਚ ਕੇ ਸਭ ਨੂੰ ਬੇਨਤੀ ਕੀਤੀ। ਜਿਥੇ ਪਹਿਲਾਂ ਬਰਾੜ ਸਾਹਿਬ ਨੇ ਬੋਲਦੇ ਹੋਏ ਕਿਹਾ ਕਿ ਟਰੂਡੋ ਸਰਕਾਰ ਵਲੋਂ ਗੰਨ ਹਿੰਸਾ ਤੇ ਕੋਈ ਵੀ ਸੰਤੁਸਟ ਫੈਸਲਾਂ ਨਾ ਲੈਣ ਕਾਰਨ ਕਰਾਈਮ ਦੀ ਦਰ ਸਿਖਰ ਤੇ ਪਹੁੰਚ ਚੁਕੀ ਹੈ, ਫਿਰ ਨਾਫਟਾ ਅਮਰੀਕਾ ਨਾਲ ਡੀਲ ਵਾਰੇ ਗੱਲਬਾਤ ਕਰਦੇ ਹੋਏ ਬਰਾੜ ਸਾਹਿਬ ਨੇ ਕਿਹਾ ਕੇ ਜੋ ਸਿਰੇ ਨਾ ਚੜ੍ਹ ਕਾਰਨ ਕੈਨੇਡਾ ਦਾ ਬਹੁਤ ਨੁਕਸਾਨ ਹੋਇਆਂ ਹੈ। ਲੋਕਾਂ ਕੋਲ ਕੰਮ ਨਹੀਂ ਹਨ, ਸਭ ਪਾਸੇ ਮਹਿਗਾਈ ਇੰਨੀ ਵਧ ਗਈ ਹੈ ਕਿ ਲੋਕਾਂ ਦੇ ਖਰਚੇ ਪੂਰੇ ਨਹੀਂ ਰਹੇ।

ਇਸ ਦੇ ਨਾਲ ਹੀ ਜੇਸਨ ਕੈਨੀ ਨੇ ਬਰਾੜ ਸਾਹਿਬ ਵਲੋਂ ਦਿੱਤੀ ਸਪੀਚ ਵਾਰੇ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਾਨੂੰ ਇਸ ਤਰ੍ਹਾਂ ਦੇ ਕੈਂਡੀਡੇਟਾਂ ਦੀ ਲੋੜ ਹੈ ਜਿਹਨਾਂ ਨੂੰ ਚੰਗੇ ਅਤੇ ਮਾੜੇ ਵਾਰੇ ਸਭ ਪਤਾ ਹੋਵੇ। ਉਹਨਾਂ ਅੱਗੇ ਬੋਲਦੇ ਹੋਏ ਕਿਹਾ ਕਿ ਅਲਬਰਟਾ ਵਿਚ ਟਰੂਡੋ ਵਲੋਂ ਪਾਈਪ ਲਾਈਨ ਲਈ ਜੋ ਘਟੀਆ ਸੋਚ ਕਾਰਨ ਫੇਲ੍ਹ ਹੋਇਆ ਹੈ ਜਿਸ ਲਰਕੇ ਅਲਰਬਰਟਾ ਦੇ ਹਲਾਤ ਮਾੜੇ ਹੋਏ ਹਨ। ਸਾਡੇ ਬੱਚਿਆਂ ਦਾ ਮੈਰੋਵਾਨਾਂ ਕਰਕੇ ਉਹਨਾਂ ਨੂੰ ਟਰੂਡੋ ਸਰਕਾਰ ਨਸ਼ਿਆਂ ਵਿਚ ਝੋਕ ਰਹੀ ਹੈ। ਇਮੀਗਰੇਸ਼ਨ ਨੀਤੀ ਇੰਨੀ ਵਿਗੜ ਚੁਕੀ ਹੈ ਕਿ ਲੋਕਾਂ ਦਾ ਜੀਣਾ ਹਰਾਮ ਹੋ ਚੁਕਾ ਹੈ।

ਪਰ ਇਸ ਬੁਰੇ ਸਮੇਂ ਤੋਂ ਅਸੀਂ ਨਿਕਲ ਸਕਦੇ ਹਾਂ ਜਿਸਦਾ ਰਾਹ ਸਾਫ ਤੇ ਇਕੋ ਇਕ ਹੈ ਆਪਣੇ ਆਪਣੇ ਇਲਾਕੇ ਵਿਚ ਕੰਸਰਵੇਟਵ ਦੇ ਉਮੀਦਵਾਰਾਂ ਨੂੰ ਵੋਟਾਂ ਦੇ ਕੇ ਜਿਤਾਉ ਜਿਸ ਨਾਲ ਅਸੀਂ ਜਸਟਨ ਟਰੂਡੋ ਲਿਬਰਲ ਸਰਕਾਰ ਦਾ ਭੋਗ ਪਾ ਕੇ ਕੰਸਰਵੇਟਵ ਨੂੰ ਅੱਗੇ ਲੈ ਕੇ ਆਈਏ। ਜੋ ਤਾਂ ਹੀ ਸੰਭਵ ਹੋ ਸਕੇਗਾ ਜੇਕਰ ਤੁਸੀਂ ਸਭ ਬਾਹਰ ਨਿਕਲ ਕੇ ਸਹੀ ਉਮੀਦਵਾਰ ਅਤੇ ਪਾਰਟੀ ਨੂੰ ਵੋਟ ਦਿੰਦੇ ਹੋ। ਜਿਸ ਕਰਕੇ ਰਮਨਦੀਪ ਨੂੰ ਵੋਟ ਦੇ ਕੇ 21 ਅਕਤੂਬਰ ਨੂੰ ਔਟਵਾ ਪਾਰਲੀਮੈਂਟ ਵਿਚ ਭੇਜੋ, ਜਿਸ ਦੀ ਜਿਤ ਹੀ ਵਿਚ ਹੀ ਪਾਰਟੀ ਦੀ ਜਿੱਤ ਹੈ। ਐਮਪੀਪੀ ਪ੍ਰਭਮੀਤ ਸਰਕਾਰੀਆ, ਐਮਪੀਪੀ ਅਮਰਜੋਤ ਸੰਧੂ ਅਤੇ ਨੀਨਾ ਤਾਂਗੜੀ ਵਲੋਂ ਵੀ ਬਰਾੜ ਦੀ ਸਹਾਇਤਾ ਕਰਨ ਲਈ ਸਭ ਨੂੰ ਗੁਜਾਰਿਸ਼ ਕੀਤੀ ਗਈ।






# ਅਥਲੈਟਿਕਸ ਵਰਲਡ ਚੈਂਪੀਅਨਸ਼ਿਪ: ਮਾਂ ਬਣਨ ਮਗਰੋਂ ਦੋ ਖਿਡਾਰਨਾਂ ਨੇ ਗੋਲਡ ਮੈਡਲ ਜਿੱਤੇ

## * ਸ਼ੈਲੀ ਐਨ ਫਰੇਜ਼ਰ ਅਤੇ ਐਲੀਸਨ ਫੈਲਿਕਸ ਦੀ ਸ਼ਾਨਦਾਰ ਵਾਪਸੀ

ਦੋਹਾ, 6 ਅਕਤੂਬਰ, (ਪੋਸਟ ਬਿਊਰੋ)- ਜਮੈਕਾ ਦੀ ਤੇਜ਼ ਦੌੜਾਕ ਸ਼ੈਲੀ ਐਨ ਫਰੇਜ਼ਰ-ਪ੍ਰਾਈਸ ਨੇ ਅੱਜ 100 ਮੀਟਰ ਦਾ ਚੌਥਾ ਖ਼ਿਤਾਬ ਜਿੱਤਿਆ, ਜਦਕਿ ਅਮਰੀਕਾ ਦੀ ਦੌੜਾਕ ਐਲੀਸਨ ਫੈਲਿਕਸ ਨੇ ਓਸੇਨ ਬੋਲਟ ਦਾ ਸੋਨ ਤਗ਼ਮੇ ਜਿੱਤਣ ਦਾ ਰਿਕਾਰਡ ਬਰਾਬਰ ਕਰ ਦਿੱਤਾ ਹੈ, ਜਿਸ ਨਾਲ ਇੱਥੇ ਵਿਸ਼ਵ ਚੈਂਪੀਅਨਸ਼ਿਪ ਵਿਚ ਮਾਂ ਬਣਨ ਪਿੱਛੋਂ ਵਾਪਸੀ ਕਰ ਰਹੀਆਂ ਇਹ ਦੋਵੇਂ ਖਿਡਾਰਨਾਂ ਪੂਰੀ ਤਰ੍ਹਾਂ ਛਾਈਆਂ ਹੋਈਆਂ ਹਨ।

ਮਾਂ ਬਣਨ ਪਿੱਛੋਂ ਫਰੇਜ਼ਰ-ਪ੍ਰਾਈਸ ਅਤੇ ਐਲੀਸਨ ਫੈਲਿਕਸ ਪਹਿਲੀ ਵਾਰ ਕਿਸੇ ਵੱਡੇ ਟੂਰਨਾਮੈਂਟ ਵਿਚ ਹਿੱਸਾ ਲੈ ਰਹੀਆਂ ਸਨ। ਅਪਣੇ ਪਹਿਲੇ ਬੱਚੇ ਦੇ ਜਨਮ ਕਾਰਨ ਲੰਡਨ-2017 ਵਿਸ਼ਵ ਅਥਲੈਟਿਕਸ ਤੋਂ ਬਾਹਰ ਰਹੀ 32 ਸਾਲ ਦੀ ਫਰੇਜ਼ਨ ਨੇ ਇਸ ਵਾਰੀ10.71 ਸੈਕਿੰਡ ਨਾਲ 100 ਮੀਟਰ ਖ਼ਿਤਾਬ ਜਿੱਤਿਆ ਹੈ।ਉਹ ਪਹਿਲਾਂ 2009, 2013 ਅਤੇ 2015 ਵਿਚ ਵਿਸ਼ਵ ਚੈਂਪੀਅਨਸ਼ਿਪ ਦਾ ਗੋਲਡ ਮੈਡਲ ਜਿੱਤ ਚੁੱਕੀ ਹੈ। ਜਿੱਤ ਤੋਂ ਬਾਅਦ ਸਟੈਡੀਅਮ ਵਿੱਚ ਉਸ ਦਾ 2 ਸਾਲਾ ਲੜਕਾ ਜਿਯੋਨ ਵੀ ਉਸ ਦੇ ਨਾਲ ਸੀ। ਮਾਂ ਬਣਨ ਦੇ ਬਾਅਦ ਵਿਸ਼ਵ ਚੈਂਪੀਅਨਸ਼ਿਪ ਖ਼ਿਤਾਬ ਜਿੱਤਣ ਵਾਲੀ ਉਹ ਇਕਲੌਤੀ ਔਰਤ ਹੈ।

ਇਸ ਦੇ ਨਾਲ ਹੀ ਅਮਰੀਕਾ ਦੀ 33 ਸਾਲਾ ਫੱਰਾਟਾ ਦੌੜਾਕ ਮਿਸ਼ੇਲ ਐਲੀਸਨ ਫੈਲਿਕਸ ਨੇ ਦਸ ਮਹੀਨੇ ਪਹਿਲਾਂ ਬੇਟੀ ਨੂੰ ਜਨਮ ਦੇਣ ਤੋਂ ਬਾਅਦ ਦੋਹਾ ਦੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤਿਆ ਹੈ। ਉਸ ਨੇ ਦੋਹਾ ਐਥਲੈਟਿਕਸ ਮੀਟ ਵਿੱਚ ਇਹ ਸੋਨ ਤਗਮਾ 4 ਗੁਣਾ 400 ਮੀਟਰ ਮਿਕਸਡ ਰਿਲੇਅ ਦੌੜ ਵਿਚਜਿੱਤਿਆ। ਮਿਸ਼ੇਲ ਐਲੀਸਨ ਨੇ ਲੰਡਨ-2015 ਵਰਲਡ ਅਥਲੈਟਿਕਸ ਮੀਟ ਵਿੱਚ ਵੀ ਦੋ ਗੋਲਡ ਮੈਡਲ ਜਿੱਤੇ ਸਨ।

ਸ਼ੈਲੀ ਐਨ ਫਰੇਜ਼ਰ-ਪ੍ਰਾਈਸਵਲੋਂ ਵਿਸ਼ਵ ਅਥਲੈਟਿਕਸ ਮੀਟ ਵਿੱਚ ਜਿੱਤਿਆ ਇਹ 8ਵਾਂ ਸੋਨ ਤਗਮਾ ਹੈ। ਇਹ ਜਮੈਕਾ ਦੀ ਪਹਿਲੀ ਮਹਿਲਾ ਦੌੜਾਕ ਹੈ, ਜਿਸ ਨੇ ਵਿਸ਼ਵ ਟੂਰਨਾਮੈਂਟ ਵਿੱਚ 8 ਸੋਨ ਤਗਮੇ ਜਿੱਤੇ ਅਤੇ ਬੋਲਟ ਓਸੇਨ ਤੋਂ ਬਾਅਦ ਉਹ ਦੂਜੀ ਅਥਲੀਟ ਹੈ, ਜਿਸ ਨੇ ਸੰਸਾਰ ਅਥਲੈਟਿਕਸ ਦੇ ਅੱਠ ਗੋਲਡ ਮੈਡਲ ਜਿੱਤੇ ਹਨ। ਵਿਸ਼ਵ ਅਥਲੈਟਿਕਸ ਵਿੱਚ 11 ਗੋਲਡ ਮੈਡਲਾਂ ਨਾਲ ਬੋਲਟ ਪਹਿਲੇ ਨੰਬਰ ਉੱਤੇ ਹੈ। ਸ਼ੈਲੀ ਨੇ ਜਦੋਂ 27 ਦਸੰਬਰ 1986 ਨੂੰ ਜਨਮ ਲਿਆ ਸੀ ਤਾਂ ਉਸ ਦੀ ਮਾਂ ਮੈਕਿਸਨ ਕਿੰਗਸਟਨ ਵਿੱਚ ਸੜਕ ਉੱਤੇ ਰੇਹੜੀ ਲਾ ਕੇ ਤਿੰਨ ਬੱਚਿਆਂ ਦਾ ਪਾਲਣ-ਪੋਸ਼ਣ ਕਰਦੀ ਹੁੰਦੀ ਸੀ। ਸ਼ੈਲੀ ਇਨ੍ਹਾਂ ਜਿੱਤਾਂ ਦਾ ਸਾਰਾ ਸਿਹਰਾ ਆਪਣੀ ਮਾਂ ਦੀ ਮਿਹਨਤ ਨੂੰ ਦਿੰਦੀ ਹੈ।100 ਮੀਟਰਵਿੱਚ ਦੋ ਵਾਰ ਦੀ ਇਸ ਓਲੰਪਿਕ ਚੈਂਪੀਅਨ ਨੂੰ ਜਮੈਕਾ ਵਿੱਚ ਲੇਡੀ ਓਸੈਨ ਬੋਲਟ ਕਿਹਾ ਜਾਂਦਾ ਹੈ। ਉਸ ਨੇ 2012 ਵਿੱ-ਚਬਚਪਨ ਦੇ ਸਾਥੀ ਜੇਸਨ ਪਰਾਇਸ ਨਾਲ ਵਿਆਹ ਕਰਵਾਇਆ ਸੀ। ਆਪਣੇ ਰੰਗ-ਬਿਰੰਗੇ ਹੇਅਰ ਸਟਾਈਲ ਕਾਰਨ ਉਹ ਚਰਚਾ ਵਿੱਚ ਰਹਿੰਦੀ ਹੈ। ਬੀਜਿੰਗ ਓਲੰਪਿਕ ਵਿੱਚ ਸ਼ੈਲੀ 100 ਮੀਟਰ ਵਿੱਚ ਸੋਨ ਤਗਮਾ ਜਿੱਤ ਕੇਸੁਰਖ਼ੀਆਂ ਵਿੱਚ ਆਈ ਸੀ। ਉਹ ਵਰਲਡ ਦੀ ਤੀਸਰੀ ਮਹਿਲਾ ਅਥਲੀਟ ਹੈ, ਜਿਸ ਨੇ ਬੀਜਿੰਗ ਅਤੇ ਲੰਡਨ ਓਲੰਪਿਕ ਵਿੱਚ 100 ਮੀਟਰ ਈਵੈਂਟ ਵਿੱਚ ਦੋ ਵਾਰ ਗੋਲਡ ਮੈਡਲ ਜਿੱਤਣ ਦਾ ਕਰਿਸ਼ਮਾ ਕੀਤਾ ਸੀ। ਸ਼ੈਲੀ ਦੁਨੀਆਂ ਦੀ ਇਕੋ ਸਪਰਿੰਟਰ ਹੈ ਜਿਸ ਨੇ ਲਗਾਤਾਰ ਦੋ ਓਲੰਪਿਕ ਬੀਜਿੰਗ ਅਤੇ ਲੰਡਨ ਤੇ ਦੋ ਵਿਸ਼ਵ ਟਾਈਟਲਜ਼ ਬਰਲਿਨ ਅਤੇ ਬੀਜਿੰਗ ਜਿੱਤਣ ਦਾ ਰਿਕਾਰਡ ਬਣਾਇਆ ਹੈ।ਅਮਰੀਕਾ ਦੀ ਗੇਲ ਡੇਵਰਸ ਤੋਂ ਬਾਅਦ ਸ਼ੈਲੀ ਦੂਜੀ ਅਥਲੀਟ ਹੈ, ਜਿਸ ਨੇ ਬੀਜਿੰਗ ਓਲੰਪਿਕ ਪਿੱਛੋਂ ਬਰਲਿਨ ਵਿਸ਼ਵ ਅਥਲੈਟਿਕਸ ਦੇ ਦੋਵੇਂ ਖ਼ਿਤਾਬ ਜਿੱਤੇ ਹਨ। ਉਹ ਆਈਏਏ ਐੱਫ ਵਰਲਡ ਚੈਂਪੀਅਨਸ਼ਿਪ ਵਿਚ 60, 100, 200 ਅਤੇ 4 ਗੁਣਾ 100 ਮੀਟਰ ਰੀਲੇਅ ਦੇ ਚਾਰ ਖ਼ਿਤਾਬ ਜਿੱਤਣ ਵਾਲੀ ਪਹਿਲੀ ਅਥਲੀਟ ਹੈ ਅਤੇ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਬਰਲਿਨ, ਮਾਸਕੋ ਤੇ ਬੀਜਿੰਗ ਦੇ ਲਗਾਤਾਰ ਤਿੰਨ ਟਾਈਟਲ ਹਾਸਲ ਕਰਨ ਵਾਲੀ ਦੁਨੀਆ ਦੀ ਇਕੋ ਖਿਡਾਰਨ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਪੰਜਾਬੀ ਅਤੇ ਸੰਸਕ੍ਰਿਤ-1

**ਪੰਜਾਬੀ ਅਤੇ ਸੰਸਕ੍ਰਿਤ ਬੋਲਣ ਵਾਲਿਆਂ ਦੀਆਂ ਨਸਲਾਂ**:-ਪੰਜਾਬੀ ਬੋਲੀ ਦਾ ਸਬੰਧ ਹੜੱਪਾ ਕਲਚਰ ਨਾਲ ਹੈ। ਜਿਹੜਾ ਕਿ ਸਿੰਧ ਘਾਟੀ ਦੀ ਸੱਭਿਅਤਾ ਨਾਲ ਸਬੰਧਤ ਹੈ।ਹੜੱਪਣ ਕਲਚਰ ਦੀਆਂ ਹੱਦਾਂ ਪਾਕਿਸਤਾਨ ਅਤੇ ਭਾਰਤ ਵਿੱਚ ਢੋਲਵੀਰਾ (ਗੁਜਰਾਤ) ਤੱਕ ਫੈਲੀਆਂ ਹੋਈਆਂ ਹਨ ਜਿਸ ਦਾ ਖੇਤਰਫਲ 1.5 ਮੀਲੀਅਨ ਕਿ.ਮੀ. ਹੈ। ਇੰਨੀ ਵਿਸ਼ਾਲ ਖੇਤਰ ਵਿੱਚ ਫੈਲੀ ਹੋਈ ਸੱਭਿਅਤਾ ਨੂੰ ਅੱਖਿਓ ਉਹਲੇ ਕਰਨਾਂ ਇਤਿਹਾਸ ਨਾਲ ਨਿਆਂ ਨਹੀ ਹੈ।ਹੜੱਪਣ ਲੋਕਾਂ ਨੇ ਸੰਸਾਰ ਵਿੱਚ ਸੱਭ ਤੋਂ ਪਹਿਲਾਂ ਇੱਕ ਲਿੱਪੀ ਦਾ ਵਿਕਾਸ ਕੀਤਾ।ਜਿਹੜੀ ਧੁਨੀਆਤਮਕ ਅਤੇ Ideogrphic ਹੈ ਅਤੇ ਹੜੱਪਾ ਲਿੱਪੀ ਅੱਜ ਤੱਕ ਸੰਸਾਰ ਵਿੱਚ ਪੜੀ ਨਹੀ ਗਈ।ਅਜਿਹਾ G.R.Hunter ਦਾ ਵਿਚਾਰ ਹੈ ਕਿ ਉਸ ਦੀ ਕਿਤਾਬ ਹੜੱਪਾ ਅਤੇ ਮੋਹੇਨਜੋਦੜੋ ਲਿੱਪੀ (Harappa and Mohenjodaro script and it's Connection with Scripts) ਤੇ 1933 ਵਿੱਚ ਪੀ.ਐੱਚ.ਡੀ. ਕੀਤੀ।ਉਸਦਾ ਮੰਨਣਾ ਹੈ ਕਿ ਹੜੱਪਣ ਦੀ ਸੀਲ **ਸੂਸਾ** ਦੇ ਇਲਾਕੇ ਚੋਂ ਮਿਲੀ ਹੈ ਜੋ ਕਿ ਸੁਮੇਰੀਆ 2750 B.C. ਦੀ ਹੈ।ਇੱਕ ਹੋਰ ਸੀਲ **ਜਮਦਾਤ ਨਾਸਰ** ਤੋਂ ਮਿਲੀ ਹੈ।ਜਿਹੜੀ ਕਿ ਸੁਮੇਰੀਅਨ ਸੱਭਿਅਤਾ ਨਾਲ ਸਬੰਧਤ ਹੈ।ਜੋ ਕਿ ਅੱਜ ਕੱਲ **ਈਰਾਕ** 'ਚ ਹੈ।ਜਿਸ ਦਾ ਸਮਾਂ 4000 B.C. ਹੈ।ਸੁਮੇਰੀਅਨ ਲਿੱਪੀ ਦੇ ਚਿੰਨ੍ਹਾਂ ਦਾ ਮਿਲਣਾ ਦੱਸਦਾ ਹੈ ਕਿ ਹੜੱਪਾ ਲਿੱਪੀ ਤੋਂ ਉਹਨਾਂ ਨੇ ਕੁੱਝ ਚਿੰਨ੍ਹ ਉਧਾਰ ਲਏ ਹਨ।ਇਸ ਤਰ੍ਹਾਂ ਸਿੱਟਾ ਨਿਕਲਦਾ ਹੈ ਕਿ ਸੰਸਾਰ ਨੂੰ ਪਹਿਲੀ ਲਿੱਪੀ ਦੇਣ ਵਾਲੇ ਲੋਕ ਹੜੱਪਣ ਲੋਕ ਹੀ ਹਨ।ਇਸ ਸੱਭਿਅਤਾ ਨੂੰ ਬਾਹਰੋਂ ਆਏ ਆਰੀਆ ਨਸਲ ਨੇ ਅਤੇ ਦ੍ਰਾਵਿੜ ਨਸਲ ਨੇ ਹੜੱਪਾ ਸੱਭਿਅਤਾ ਨੂੰ ਤਬਾਹ ਕੀਤਾ।ਇਸ ਦਾ ਸਬੂਤ ਹੈ ਕਿ **ਬਲੋਚਸਤਾਨ** 'ਚ ਮਿਲੀ **ਬਰੂਹੀ ਬੋਲੀ** ਅਤੇ ਇੱਕ ਪੱਟੀ ਜਿਹੜੀ ਕਿ Central Asia ਤੱਕ ਜਾਂਦੀ ਹੈ।ਇਸ ਨੂੰ ਤੁਸੀ **ਬਰੂਹੀ ਭਾਸ਼ਾ** ਕਿਤਾਬ ਵਿੱਚ ਦੇਖ ਸਕਦੇ ਹੋ।**Grierson** ਦੀ ਕਿਤਾਬ **Liguistic Survey of India** ਅਨੁਸਾਰ ਦ੍ਰਾਵਿੜੀਅਨ ਦੂਰ ਦੱਖਣ ਦੇ ਰਹਿਣ ਵਾਲੇ ਹਨ।ਇਹ ਇੱਥੇ ਦੇ ਹੀ ਵਸਨੀਕ ਹਨ।ਕਈ ਸੱਜਣਾਂ ਨੇ ਕਿਤਾਬਾ ਵਿੱਚ ਜ਼ਿਕਰ ਕੀਤਾ ਹੈ ਕਿ ਇਹ ਹੜੱਪਣ ਸੱਭਿਆਚਾਰ ਦੇ ਸਿਰਜਣਹਾਰੇ ਸਨ।ਜਦੋਂ ਅਸੀ **ਦ੍ਰਾਵਿੜੀਅਨ ਅਤੇ ਹੜੱਪੇ ਦੀ ਪੰਜਾਬੀ ਨਾਲ ਤੁਲਣਾ ਕਰਦੇ ਹਾਂ ਅਤੇ ਇਹਨਾ ਵਿੱਚ ਭਾਸ਼ਾਈ ਤੌਰ ਤੇ ਕੁੱਝ ਵੀ ਸਾਂਝਾ ਨਹੀ ਹੈ**।ਜਿਵੇਂ ਕਿ :-

**ਤਾਮਿਲ** ਵਿੱਚ **ਪੋ ਧਾਤੂ** ਤੋਂ ਬਣੇ ਰੂਪ:- **ਪੋ - ਪੋਏ - ਪੋਇਮ**

**ਪੰਜਾਬੀ** ਵਿੱਚ ਇਹ ਰੂਪ ਇਸ ਤਰ੍ਹਾਂ ਹਨ:- **ਗਿਆ/ਗਈ**
**ਜਾਂਦਾ/ਜਾਂਦੀ**
**ਜਾਵੇਗਾ/ਜਾਵੇਗੀ**

**ਪੋ** ਦਾ ਅਰਥ **ਜਾ** (Go) ਹੈ।"**An Essay on Indian Antiquities, Historic and Numismatic**" ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਆਰੀਅਨਾਂ ਨੇ ਜਦੋਂ ਭਾਰਤ ਤੇ ਹਮਲਾਂ ਕੀਤਾ ਅਤੇ ਦਾਖਲ ਹੋਏ ਤਾਂ ਇਹਨਾਂ ਦੀ ਗਿਣਤੀ ਜੱਦੀ ਲੋਕਾ ਦੇ ਮੁਕਾਬਲੇ ਬਹੁਤ ਘੱਟ ਸੀ।ਇਨ੍ਹਾਂ ਆਰੀਆ ਲੋਕਾ ਦੀ ਬੋਲੀ ਵੈਦਿਕ ਤੋਂ ਸੰਸਕ੍ਰਿਤ ਅਖਵਾਈ।ਪਾਣਿਨੀ ਦੀ ਪੁਸਤਕ **ਅਸ਼ਟਅਧਿਆਇ** ਅਨੁਸਾਰ ਪਾਣਿਨੀ ਪਹਿਲਾਂ 60 ਗਰੈਮੇਰੀਅਨ ਹੋਏ ਸਨ।ਆਰੀਅਨ ਲੋਕਾਂ ਨੇ ਇੱਥੇ ਦੇ ਲੋਕਾਂ ਤੋਂ ਰਾਜ ਖੋ ਲਿਆ ਅਤੇ ਆਪਣੀਆ ਨੀਤੀਆ ਲਾਗੂ ਕੀਤੀਆਂ।ਜਿਹਨਾਂ ਦਾ ਮਾਧਿਅਮ ਸੰਸਕ੍ਰਿਤ ਨੂੰ ਬਣਾਇਆ।ਅਤੇ ਸੰਸਕ੍ਰਿਤ ਵਿੱਚ ਉੱਚ ਪੱਧਰ ਦੀ ਸਾਹਿਤ ਰਚਨਾਂ ਵੀ ਕੀਤੀ।ਡਾ. ਸ਼ਰਨ ਦੀ ਕਿਤਾਬ "**Punjab and Coins**" ਅਨੁਸਾਰ ਸੱਭ ਤੋਂ ਪਿੱਛੋ ਆਰੀਆ ਨੇ ਦ੍ਰਾਵਿੜਾ ਤੇ ਜਿੱਤ ਹਾਸਿਲ ਕੀਤੀ।ਆਰੀਅਨਾ ਨੇ ਦ੍ਰਵਿੜਾਂ ਨੂੰ ਹਰਾਉਣ ਲਈ Mugoloid ਲੋਕਾਂ ਦਾ ਸਹਾਰਾ ਲਿਆ।ਜੋ ਕਿ ਦ੍ਰਾਵਿੜਾਂ ਨਾਲੋ ਅੱਡ ਨਸਲ ਦੇ ਸਨ।ਜਿਵੇਂ ਉਹਨਾਂ ਨੂੰ ਵਾਨਰ ਆਦਿ ਨਾਂ ਦੇਣਾਂ ਤਾਂ ਕਿ ਆਰੀਆ ਨਾਲੋਂ ਮੁਗ਼ਲਾਂ ਦਾ ਫਰਕ ਅੱਡ ਨਜ਼ਰ ਆਵੇ।

ਸੰਸਕ੍ਰਿਤ ਅਤੇ ਪੰਜਾਬੀ ਦੇ ਰੂਪਾਂ ਵਿੱਚ ਭਿੰਨਤਾਂ ਜਾਂ ਫਰਕ ਹੈ:-

ਜਿਵੇਂ ਜਿਵੇ **ਸੰਸਕ੍ਰਿਤ** ਵਿੱਚ :- **ਗਸ਼ਤਹ - ਗਸ਼ਤਿ - ਗਮਸ਼ੇਅਤਿ**
**ਪੰਜਾਬੀ** ਵਿੱਚ ਇਸ ਦਾ ਉਲੱਥਾ ਇਸ ਪ੍ਰਕਾਰ ਹੈ: **ਗਿਆ/ਗਈ**
**ਜਾਂਦਾ/ਜਾਂਦੀ**
**ਜਾਵੇਗਾ/ਜਾਵੇਗੀ**

ਸੋ **ਦ੍ਰਾਵਿੜਅਨ** ਅਤੇ **ਸੰਸਕ੍ਰਿਤ** ਵਿੱਚ **Single Gender** ਕ੍ਰਿਆ ਹੈ ਜਦ ਕਿ **ਪੰਜਾਬੀ 'ਚ Double Gender** ਕ੍ਰਿਆ ਹੈ।


ਨਸਲੀ ਤੌਰ ਤੇ ਪੰਜਾਬੀ, Viceroy Lord Curzon ਅਨੁਸਾਰ ਸੱਭ ਤੋਂ ਪਹਿਲਾਂ ਆਰੀਆ ਦੀ ਮੁੱਠਭੇੜ ਸ਼ੁਦਰ ਕਬੀਲੇ ਨਾਲ ਹੋਈ।ਆਰੀਆ ਨੇ ਸ਼ੁਦਰ ਕਬੀਲੇ ਨੂੰ ਹਰਾ ਦਿੱਤਾ।ਅਤੇ ਬਾਕੀ ਦੇ ਰਹਿੰਦੇ ਹੋਰ ਕਬੀਲਿਆਂ ਨੂੰ ਵੀ ਹਰਾ ਦਿੱਤਾ।ਆਰੀਆ ਨੇ ਇਹਨਾਂ ਸਾਰਿਆ ਕਬੀਲਿਆ ਦਾ ਨਾਂ ਸ਼ੁਦਰ ਰੱਖਿਆ।ਜੇਤੂ ਹੋਣ ਕਾਰਣ ਇੱਥੇ ਦੇ ਵਾਸੀ ਉਹ ਇੱਕ ਆਰੀਆ ਦੀ ਪਰਜਾ ਬਣ ਗਈ। ਆਰੀਆ ਨੇ ਆਪਣੀ ਭਾਸ਼ਾ ਇੱਥੇ ਦੇ ਲੋਕਾਂ ਤੇ ਠੋਸ ਦਿੱਤੀ।ਜਿਵੇਂ ਵਿਦੇਸ਼ੀ ਸ਼ਾਸਕ ਕਰਿਆ ਕਰਦੇ ਸਨ।ਲੋਕਾਂ ਦਾ ਹਰ ਪੱਖੋਂ ਸ਼ੋਸ਼ਣ ਕੀਤਾ ਅਤੇ ਹਰ ਵੇਲੇ ਆਪਣੇ ਦਾਬੇ ਹੇਠਾਂ ਰੱਖਦੇ ਸਨ।ਕਾਨੂੰਨ ਵੀ ਉਹ ਬਣਾਉਂਦੇ ਜਿਹੜੇ ਸ਼ਾਸ਼ਕਾਂ ਦੇ ਹੱਕਾਂ 'ਚ ਅਤੇ ਪਰਜਾ ਦੇ ਉੱਲਟ ਹੁੰਦੇ ਸਨ।ਇਸ ਤਰਾਂ ਉਹ ਆਪਣੀ ਗੱਦੀ ਲੋਕਾਂ 'ਚ ਫੁੱਟ ਪੁਆਕੇ ਅਤੇ ਦਬਾਆ ਪਾ ਕੇ ਗੱਦੀ ਕਾਇਮ ਰੱਖਦੇ ਸਨ।

ਜਿੱਥੇ ਤੱਕ ਆਰੀਆ ਨਸਲ ਦਾ ਸਬੰਧ ਹੈ ਉਹ ਆਪਣੀ ਨਸਲ ਮੁਕਾ ਚੁੱਕੀ ਹੈ। ਜਿਸ ਦਾ ਸਬੂਤ ਹੈ ਕਿ ਸੰਸਕ੍ਰਿਤ Indian Sub-continent ਵਿੱਚ ਕੀਤੇ ਵੀ ਬੋਲੀ ਨਹੀ ਜਾਂਦੀ ਹੈ।ਬਹਾਨਾ ਇਹ ਬਣਾਇਆ ਜਾਂਦਾ ਹੈ ਕਿ Indian Sub-continent ਦੀ ਭਾਸ਼ਾਵਾ ਆਰੀਅਨ ਵਿੱਚੋਂ ਵਿਕਸਿਤ ਹੋਈਆ ਹਨ।ਸੰਸਕ੍ਰਿਤ ਦੇ ਸਮਾਨਅਰਥ (Synonymous) ਸ਼ਬਦਾ ਦੀ ਕਾਫੀ ਭਰਮਾਰ ਹੈ।ਜਿਹੜੇ ਕਿ ਦੇਸੀ ਬੋਲੀਆਂ ਦੇ ਸ਼ਬਦ ਹਨ।**ਇਸ ਦਾ ਸਬੂਤ John Beam ਦੀ ਕਿਤਾਬ Aryian Laguage Comparitive Grammer ਵਿੱਚ ਮਿਲਦਾ ਹੈ ਅਤੇ Earnst Triumph ਨੇ ਆਪਣੀ ਸਿੰਧੀ ਗਰੈਮਰ ਵਿੱਚ ਆਪਣੇ ਵਿਚਾਰ ਰੱਖੇ ਹਨ, ਕਿ ਉੱਤਰੀ ਭਾਰਤੀ ਬੋਲੀਆਂ 'ਚ ਗੈਰ-ਆਰੀਆ ਸ਼ਬਦ ਹਨ ਜੋ ਕਿ ਦੇਸੀ ਕਹੇ ਜਾਂਦੇ ਹਨ।**

ਰਿਗਵੇਦ ਦੀ ਸ਼ਬਦਾਵਲੀ ਦੇ ਵਿੱਚ ਅਨੇਕਾਂ ਦੇਸੀ ਸ਼ਬਦ ਵਰਤੇ ਹਨ।ਜਿਨ੍ਹਾਂ ਦਾ ਵੇਰਵਾ ਅਸੀ **ਅਸ਼ਟਅਧਿਆਇ** ਵਿੱਚ ਦੇਖ ਸਕਦੇ ਹਾਂ।ਆਰੀਆ ਪਿੱਛੋ ਹੋਰ ਵੀ ਨਸਲਾਂ ਦੇ ਸ਼ਾਸਕ ਇੱਥੇ ਆਏ ਹਨ।ਜਿਵੇ **ਹੈਬਰੂ** ਬੋਲੀ ਦੇ ਸ਼ਬਦਾ ਦਾ ਭਾਰਤੀ ਬੋਲੀ ਵਿੱਚ ਆਉਣਾ।ਉਨ੍ਹਾਂ ਦੇ ਸ਼ਬਦਾ ਦਾ ਆਉਣਾ ਦੱਸਦਾ ਹੈ ਕਿ ਵਿਦੇਸ਼ੀਆਂ ਨੇ ਆਪਣਾ ਭਾਸ਼ਾਈ ਅਸਰ ਵੀ ਛੱਡਿਆ ਹੈ ਅਤੇ ਸੱਭਿਆਚਾਰਕ ਪ੍ਰਭਾਵ ਵੀ ਪਾਇਆ ਹੈ।ਉਹਨਾਂ ਦੇ ਧਰਮ ਦੇ ਅੰਸ਼ ਵੀ ਮਿਲਦੇ ਹਨ।ਉਨ੍ਹਾਂ ਦੀਆਂ ਲਿੱਪੀਆਂ ਵੀ ਆਈਆਂ ਹਨ ਜਿਵੇਂ ਗ੍ਰੀਕ ਦੀ ਲਿੱਪੀ, ਅਰਬੀ ਲਿੱਪੀ ਅਤੇ ਈਰਾਨੀ ਲਿੱਪੀ।ਇਹ ਸਾਰੀਆਂ ਲਿੱਪੀਆਂ **ਮਾਨਕੇਆਂਲ** ਨੇੜੇ **ਟੈਕਸਲਾ** ਵਿੱਚ **ਮਹਾਰਾਜਾ ਰਣਜੀਤ ਸਿੰਘ ਦੇ ਜਨਰਲ ਵੈਂਤੂਰਾ** ਨੂੰ ਖੋਜ ਦੌਰਾਨ ਮਿਲੀਆਂ ਹਨ।

ਭਾਰਤ ਵਿੱਚ ਜਦੋਂ ਸਮਰਾਟ ਅਸੋਕ ਦਾ ਰਾਜ ਆਇਆ ਤਾਂ ਉਸ ਨੇ ਰਾਜ ਦਾ ਧਰਮ ਬੁੱਧ ਐਲਾਨ ਕਰ ਦਿੱਤਾ ਅਤੇ ਬੋਲੀ ਸੰਸਕ੍ਰਿਤ ਦੀ ਥਾਂ ਪਾਲੀ ਬੋਲੀ ਰਾਜ ਬੋਲੀ ਬਣਾ ਦਿੱਤੀ।ਜਿਸਦਾ ਪ੍ਰਮਾਣ **Archaeology** ਦੀਆਂ ਖੋਜਾ ਤੋਂ ਪਤਾ ਚੱਲਦਾ ਹੈ।ਅਸ਼ੋਕ ਦੀ ਲਿੱਪੀ ਪੜਣ ਵਿੱਚ James Prinsep ਦਾ ਭਰਪੂਰ ਯੋਗਦਾਨ ਹੈ।ਉਹ ਸਾਰੀ ਦੀ ਲਿੱਪੀ ਪੜਣ ਵਿੱਚ ਕਾਮਯਾਬ ਹੋ ਗਿਆ।ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਦੀਆ ਹੋਰ ਕਈ ਅਗਿਆਤ ਲਿੱਪੀਆਂ ਪੜਣ ਵਿੱਚ ਸਹਾਇਤਾ ਮਿਲੀ।ਇਤਿਹਾਸ ਵਿੱਚ ਕਈ ਤੱਥ ਸਹੀ ਰੂਪ ਵਿੱਚ ਸਾਹਮਣੇ ਆਏ।ਪੰਜਾਬ ਦੇ ਲੋਕਾਂ ਨੇ ਵੱਖਰੇ ਤੌਰ ਤੇ ਆਪਣੀ ਲਿੱਪੀ ਵਿਕਸਿਤ ਕੀਤੀ।ਜਿਸਨੂੰ **ਟੱਕ ਦੇਸ਼ ਦੇ ਨਾਂ ਤੇ ਟਾਕਰੀ** ਦਾ ਨਾਮ ਦਿੱਤਾ ਗਿਆ।ਟੈਕਸਲਾ ਵੀ ਇਹਨਾਂ ਲੋਕਾਂ ਦਾ ਹੀ ਵਸਾਇਆ ਹੋਇਆ ਸ਼ਹਿਰ ਹੈ।ਅੱਜ ਵੀ ਸਾਨੂੰ ਪੰਜਾਬ ਅਤੇ ਹਿਮਾਚਲ ਵਿੱਚ ਤੱਖੀ ਨਾਂ ਦੇ ਗੋਤ ਦੇ ਲੋਕ ਮਿਲਦੇ ਹਨ।ਤੱਖ ਸ਼ਬਦ ਪਾਲੀ ਭਾਸ਼ਾ ਦਾ ਸ਼ਬਦ ਹੈ।ਜਿਸ ਤੋਂ ਤੱਖੀ ਸ਼ਬਦ ਬਣਾਇਆ ਹੈ।ਅੰਗਰੇਜ਼ੀ ਬਸਤੀ ਪੰਜਾਬ ਦੇ ਰਾਜਿਆ ਨੇ ਟਾਕਰੀ ਲਿੱਪੀ ਨੂੰ ਰਾਜ ਲਿੱਪੀ ਦੇ ਤੌਰ ਤੇ ਵਰਤਿਆ।ਪੰਜਾਬ ਵਿੱਚ ਇੱਕ ਹੋਰ ਲਿੱਪੀ ਚੱਲਦੀ ਸੀ ਜਿਸਨੂੰ **ਭੱਠਸ਼ੀ** ਕਿਹਾ ਜਾਂਦਾ ਸੀ।ਇਸ ਦਾ ਜ਼ਿਕਰ **Al-Bruni** ਦੀ ਕਿਤਾਬ **Qitab-Al-Hind** ਵਿੱਚ ਅਰਧ ਨਾਕਰੀ (ਅਰਧ ਨਾਗਰੀ) ਦੇ ਰੂਪ ਵਿੱਚ ਮਿਲਦਾ ਹੈ।ਇਸ ਤੋਂ ਇਲਾਵਾ ਪੰਜਾਬ ਵਿੱਚ ਇੱਕ ਹੋਰ ਰੂਪ ਮਿਲਦਾ ਹੈ ਜਿਸ ਨੂੰ **ਲੰਡੇ** ਕਿਹਾ ਜਾਂਦਾ ਸੀ।ਇਸ ਨੂੰ **ਬਾਣੀਏ ਅਤੇ ਮਹਾਜਨ ਬਹੀ ਖਾਤਿਆ** ਵਿੱਚ ਵਰਤਦੇ ਸਨ।ਇੱਕ ਲਿੱਪੀ ਗੁਰਮੁੱਖੀ ਹੈ ਜਿਸਨੂੰ ਅੱਜ ਪੰਜਾਬੀ ਦੀ **ਮਿਆਰੀ** (Standard) ਲਿੱਪੀ ਕਿਹਾ ਜਾਂਦਾ ਹੈ ਜਿਸਨੂੰ ਸਿੱਖ ਗੁਰੂਆਂ ਨੇ ਪੰਜਾਬ ਦੀ ਟਾਕਰੀ ਲਿੱਪੀ ਨੂੰ ਸੁਧਾਰ ਕੇ ਨਵਾਂ ਰੂਪ ਦਿੱਤਾ ਹੈ ਅਤੇ ਸੁਧਾਰ ਕੇ ਆਪਣੀਆਂ ਪੋਥੀਆਂ ਲਿਖਣ ਦਾ ਮਾਧਿਅਮ ਬਣਾਇਆ।ਗੁਰ ਸਿੱਖਾਂ ਦੇ ਅਪਣਾਉਣ ਕਰਕੇ ਇਸ ਦਾ ਨਾਂ ਗੁਰਮੁੱਖੀ ਪੈ ਗਿਆ।ਪੰਜਾਬ ਦੇ ਬਹੁਤ ਸਾਰੇ ਮੁਸਲਮਾਨ ਕਿੱਸੇਕਾਰਾ ਨੇ ਪੰਜਾਬੀ ਲਿੱਖਣ ਵਾਸਤੇ ਅਰਬੀ ਲਿੱਪੀ ਨੂੰ ਮਾਧਿਅਮ ਅਪਣਾਇਆ।ਉਹਨਾਂ ਅਨੇਕਾਂ ਕਿੱਸੇਕਾਰਾ ਦੀਆ ਰਚਨਾਵਾਂ ਵਿੱਚ ਕਈ ਗਲਤੀਆਂ ਦੇਖੀਆ ਜਾ ਸਕਦੀਆ ਹਨ।ਕਿਓਕਿ **ਅਰਬੀ ਲਿੱਪੀ ਵਿੱਚ ਪੰਜਾਬੀ ਦੀਆ ਸਿਰਫ 10 ਧੁਨੀਆ ਹੀ ਸਹੀ ਢੰਗ ਨਾਲ ਲਿਖੀਆਂ** ਜਾ ਸਕਦੀਆ ਹਨ।ਅਰਬੀ ਲਿੱਪੀ ਮੰਨਣ ਵੱਲਿਆ ਦਾ ਕਹਿਣਾ ਹੈ ਕਿ ਇਹ **ਸ਼ਾਹਮੁੱਖੀ** ਲਿੱਪੀ ਹੈ।ਇਸ ਤਰਾਂ ਇਹ ਲੋਕਾਂ ਨੂੰ ਮਿਸ ਗਾਇਡ ਕਰ ਰਹੇ ਹਨ।**ਸੰਸਕ੍ਰਿਤ ਵਿੱਚ ਪਾਣਿਨੀ ਨੇ 43 ਧੁਨੀਆਂ ਨੂੰ ਮੰਨਿਆ ਹੈ ਅਤੇ ਉਹਨਾਂ ਨੂੰ 14 ਸੂਤਰਾਂ ਵਿੱਚ ਬੰਨ ਦਿੱਤਾ ਤਾਂ ਕਿ ਸੰਸਕ੍ਰਿਤ ਵਿੱਚ ਕੋਈ ਮਿਲਾਵਟ ਨਾ ਕਰ ਸਕੇ।ਇਸੇ ਤਰਾਂ ਬਾਬੇ ਨਾਨਕ ਨੇ ਵੀ ਗੁਰਮੁੱਖੀ ਦੇ 35 ਅੱਖਰ ਬੰਨ ਦਿੱਤੇ ਅਤੇ ਇਸੇ 35 ਅੱਖਰਾਂ ਦੇ ਹਵਾਲੇ ਨਾਲ ਆਪਣੀ ਬਾਣੀ ਦੀ ਰਚਨਾਂ ਕੀਤੀ ਜਿਸਨੂੰ** ਪੱਟੀ ਬਾਣੀ ਕਿਹਾ ਜਾਂਦਾ ਹੈ।

# ਨਵੇਂ ਦੌਰ ਦੇ ਭਾਰਤ ਵਿੱਚ ਅਕਲ ਦੀ ਗੱਲ ਵੀ ਦੇਸ਼ ਧਰੋਹ ਜਾਪਣ ਲੱਗ ਪਈ



ਜਤਿੰਦਰ ਪੰਨੂ

ਅਸੀਂ ਉਹ ਦਿਨ ਵੇਖੇ ਹੋਏ ਹਨ, ਜਦੋਂ ਪੰਜਾਬ ਦੇ ਗੱਭਰੂ ਕਮਾਈਆਂ ਕਰਨ ਲਈ ਟਰੈਵਲ ਏਜੰਟਾਂ ਦੇ ਰਾਹੀਂ ਕਦੀ ਇਰਾਕ, ਇਰਾਨ ਅਤੇ ਲੀਬੀਆ ਵੱਲ ਜਾਂਦੇ ਹੁੰਦੇ ਸਨ। ਸਾਨੂੰ ਓਦੋਂ ਅਜੇ ਇਨ੍ਹਾਂ ਗੱਲਾਂ ਦੀ ਬਹੁਤੀ ਸਮਝ ਨਹੀਂ ਸੀ, ਪਰ ਏਨਾ ਕੁ ਪਤਾ ਸੀ ਕਿ ਓਥੋਂ ਦੇ ਨੋਟਾਂ ਦੀ ਕੀਮਤ ਬੜੀ ਵੱਧ ਹੈ, ਜਿਸ ਕਾਰਨ ਓਥੋਂ ਕੀਤੀ ਕਮਾਈ ਜਦੋਂ ਭਾਰਤ ਦੇ ਦਰਾਂ ਤੱਕ ਪਹੁੰਚਦੀ ਹੈ ਤਾਂ ਕਈ ਗੁਣਾਂ ਵਧ ਜਾਂਦੀ ਹੈ। ਅੱਜ ਸਾਨੂੰ ਇਸ ਬਾਰੇ ਕੁਝ ਵੱਧ ਪਤਾ ਹੋ ਸਕਦਾ ਹੈ, ਪਰ ਜਿਹੜੀ ਗੱਲ ਨੋਟ ਕਰਨ ਵਾਲੀ ਹੈ, ਉਹ ਇਹ ਕਿ ਇਨ੍ਹਾਂ ਦੇਸ਼ਾਂ ਵਿੱਚ ਉਸ ਤੋਂ ਬਾਅਦ ਹਾਲਾਤ ਵਿਗੜਦੇ ਗਏ ਤੇ ਅੱਜ ਓਥੇ ਲੋਕ ਭੁੱਖ ਨਾਲ ਮਰਨ ਵਾਲੀ ਹਾਲਤ ਬਣੀ ਪਈ ਹੈ। ਭਾਰਤ ਦੇ ਲੋਕਾਂ ਨੂੰ ਇਸ ਵਿਗਾੜ ਦੀ ਜੜ੍ਹ ਸਮਝਣ ਦੀ ਲੋੜ ਹੈ।

ਅਸੀਂ ਚਾਰਟ ਕੱਢ ਕੇ ਵੇਖਿਆ ਤਾਂ ਪਤਾ ਲੱਗਾ ਕਿ ਸਾਲ 2000 ਵਿੱਚ ਲਿਬੀਆ ਦੇ ਇੱਕ ਦੀਨਾਰ ਦੇ ਬਦਲੇ ਵਿੱਚ ਅਮਰੀਕਾ ਦੇ ਢਾਈ ਡਾਲਰ ਮਿਲ ਜਾਂਦੇ ਹੋਣਗੇ ਤੇ ਅੱਜ ਇਸ ਤੋਂ ਉਲਟ ਇੱਕ ਅਮਰੀਕੀ ਡਾਲਰ ਦੇ ਬਦਲੇ ਲਿਬੀਆ ਦਾ ਸਵਾ ਦੀਨਾਰ ਦੇਣਾ ਪੈਂਦਾ ਹੈ। ਇਹ ਬਦ-ਅਮਨੀ ਦੇ ਕਾਰਨ ਹੋਇਆ ਹੈ। ਕੋਈ ਵੀ ਦੇਸ਼ ਬਦ-ਅਮਨੀ ਦੇ ਦੌਰਾਨ ਤਰੱਕੀ ਨਹੀਂ ਕਰ ਸਕਦਾ, ਸਗੋਂ ਇਹ ਮੰਨਣਾ ਵੱਧ ਠੀਕ ਹੈ ਕਿ ਕੋਈ ਤਰੱਕੀ ਵਾਲਾ ਦੇਸ਼ ਵੀ ਬਦ-ਅਮਨੀ ਦੇ ਦੌਰ ਵਿੱਚ ਦਾਖਲ ਹੋ ਜਾਵੇ ਤਾਂ ਆਪਣੀ ਕੀਤੀ ਤਰੱਕੀ ਨਹੀਂ ਸੰਭਾਲ ਸਕਦਾ ਤੇ ਡਿੱਗਣ ਲੱਗਦਾ ਹੈ। ਖੁਦ ਸੱਟ ਖਾ ਕੇ ਅਕਲ ਵੱਲ ਮੁੜਨ ਦੀ ਥਾਂ ਕਿਸੇ ਦੂਸਰੇ ਨੂੰ ਪਈ ਸੱਟ ਦੇ ਹਸ਼ਰ ਤੋਂ ਸਿੱਖਿਆ ਜਾ ਸਕਦਾ ਹੈ, ਪਰ ਇਸ ਸੋਚ ਲਈ ਜਿਹੜੇ ਸਿਰਾਂ ਦੀ ਲੋੜ ਹੁੰਦੀ ਹੈ, ਉਹ ਭੀੜਾਂ ਦੀ ਅਗਵਾਈ ਕਰਨ ਵਾਲੇ ਲੀਡਰਾਂ ਦੇ ਪੱਲੇ ਬਹੁਤੀ ਵਾਰ ਹੁੰਦੇ ਹੀ ਨਹੀਂ। ਜਿਹੜਾ ਦੇਸ਼ ਫੌਜੀ ਜਰਨੈਲ ਜਾਂ ਜਰਨੈਲੀ ਸੁਭਾਅ ਵਾਲੇ ਵਿਅਕਤੀ ਨੂੰ ਆਪਣਾ ਲੀਡਰ ਮੰਨ ਲਵੇ ਤੇ ਉਸ ਦੇ ਖਿਲਾਫ ਕਹੀ ਗਈ ਹਰ ਗੱਲ ਨੂੰ ਦੇਸ਼ ਦੇ ਖਿਲਾਫ ਕਹੀ ਮੰਨਣ ਲੱਗ ਪਵੇ, ਉਹ ਦੇਸ਼ ਫਿਰ ਅੱਗੇ ਨਹੀਂ ਜਾਂਦਾ ਹੁੰਦਾ, ਓਸੇ ਤਰ੍ਹਾਂ ਪਿੱਛੇ ਜਾਣ ਦਾ ਖਤਰਾ ਸਹੇੜ ਲੈਂਦਾ ਹੈ, ਜਿਵੇਂ ਲਿਬੀਆ ਵਰਗੇ ਦੇਸ਼ਾਂ ਵਿੱਚ ਵਾਪਰ ਚੁੱਕਾ ਹੈ ਤੇ ਕਈ ਹੋਰਨਾਂ ਵਿੱਚ ਵਾਪਰਦਾ ਪਿਆ ਹੈ।

ਭਾਰਤ ਵੀ ਇਸ ਵਕਤ ਏਸੇ ਭਵਿੱਖੀ ਖਤਰੇ ਦੀ ਦੰਦੀ ਉੱਤੇ ਖੜੋਤਾ ਦਿੱਸਦਾ ਹੈ। ਇਸ ਦੀ ਅਗਵਾਈ ਇਸ ਤਰ੍ਹਾਂ ਦੇ ਆਗੂ ਦੇ ਹੱਥ ਵਿੱਚ ਹੈ, ਜਿਹੜਾ ਖੁਦ ਭ੍ਰਿਸ਼ਟ ਨਹੀਂ ਮੰਨਿਆ ਜਾਂਦਾ, ਪਰ ਆਪਣੇ ਨਾਲ ਜੁੜੇ ਸਾਰੀਆਂ ਹੱਦਾਂ ਨੂੰ ਟੱਪਣ ਵਾਲੇ ਭ੍ਰਿਸ਼ਟਾਚਾਰੀਏ ਲੋਕਾਂ ਨੂੰ ਇਸ ਕਰ ਕੇ ਨਹੀਂ ਰੋਕਦਾ ਕਿ ਉਸ ਨੂੰ ਦੇਸ਼ ਦੀ ਅਗਵਾਈ ਕਰਨ ਨਾਲੋਂ ਵੱਧ ਇਸ ਗੱਲ ਦੀ ਲੋੜ ਹੈ ਕਿ ਦੁਨੀਆ ਭਰ ਵਿੱਚ ਮੇਰਾ ਡੰਕਾ ਵੱਜਦਾ ਰਹੇ। ਭਾਰਤ ਵਿੱਚ ਕਾਨੂੰਨ ਮੁਤਾਬਕ ਰਾਜ ਪ੍ਰਬੰਧ ਦੀ ਥਾਂ ਭੀੜਾਂ ਦੀ ਮਰਜ਼ੀ ਚੱਲਣ ਲੱਗੀ ਹੈ, ਉਹ ਲੀਡਰ ਕਦੇ-ਕਦਾਈਂ ਇਸ ਵਿਹਾਰ ਦੇ ਵਿਰੋਧ ਲਈ ਏਨੇ ਕੁ ਸ਼ਬਦ ਕਹਿ ਛੱਡਦਾ ਹੈ ਕਿ ਬਾਅਦ ਵਿੱਚ ਸੱਚਾ ਹੋ ਸਕੇ ਕਿ ਮੈਂ ਇਸ ਦਾ ਵਿਰੋਧ ਕੀਤਾ ਸੀ, ਅਸਲ ਵਿੱਚ ਵਿਰੋਧ ਨਹੀਂ ਕਰਦਾ। ਉਹ ਜਾਣਦਾ ਹੈ ਕਿ ਇਹ ਭੀੜਾਂ ਉਸ ਦੀ ਗੱਦੀ ਦੀ ਸੁੱਖ ਮੰਗਦੀਆਂ ਹਨ, ਵਰਨਾ ਲੋਕਾਂ ਦੇ ਭਲੇ ਦੇ ਕੰਮਾਂ ਵਾਲੇ ਪੱਖੋਂ ਇਸ ਦੇਸ਼ ਦੀ ਅਗੇਤ ਦੀ ਕੋਈ ਗੱਲ ਦੇਸ਼ ਅਤੇ ਦੁਨੀਆ ਦੇ ਲੋਕਾਂ ਨੂੰ ਖਿੱਚ ਪਾਉਣ ਵਾਲੀ ਨਹੀਂ ਲੱਭਦੀ। ਚੰਦ ਵੱਲ ਉੱਪ-ਗ੍ਰਹਿ ਭੇਜਣਾ ਜਾਂ ਕਦੇ ਕੋਈ ਤੇਜਸ ਜਹਾਜ਼ ਉਡਾ ਲੈਣਾ ਤੇ ਓਸੇ ਨਾਂਅ ਦੀ ਤੇਜ਼ ਰਫਤਾਰ ਗੱਡੀ ਸ਼ੁਰੂ ਕਰ ਦੇਣਾ ਕਿਸੇ ਵੀ ਸਰਕਾਰ ਵੇਲੇ ਹੋ ਜਾਣਾ ਸੀ। ਛਕ-ਛਕ ਕਰਦੇ ਕੋਲੇ ਵਾਲੇ ਇੰਜਣਾਂ ਪਿੱਛੋਂ ਡੀਜ਼ਲ ਤੇ ਫਿਰ ਬਿਜਲੀ ਵਾਲੇ ਰੇਲ ਇੰਜਣ ਵੀ ਕਿਸੇ ਆਗੂ ਦੇ ਹੁੰਦਿਆਂ ਆਏ ਸਨ ਤੇ ਜਦੋਂ ਕੰਪਿਊਟਰ ਆਉਣ ਲੱਗੇ ਤਾਂ ਉਸ ਵੇਲੇ ਦਾ ਆਗੂ ਵੀ ਰਾਤ-ਦਿਨ ਕਹਿੰਦਾ ਸੀ ਕਿ ਮੇਰੀ ਸਰਕਾਰ ਨੇ ਆਹ ਕਰ ਵਿਖਾਇਆ ਹੈ, ਅੱਜ ਉਸ ਲੀਡਰ ਦੀ ਕੋਈ ਗੱਲ ਤੱਕ ਨਹੀਂ ਕਰਦਾ। ਚਰਚਾ ਉਸ ਕੰਮ ਦੀ ਹੁੰਦੀ ਹੈ, ਜਿਹੜਾ ਸਥਾਈ ਹੋਵੇ ਤੇ ਜਿਸ ਨੂੰ ਕਰਨ ਜੋਗਾ ਦੂਸਰਾ ਕੋਈ ਨਾ ਹੋਵੇ। ਇਸ ਦਾ ਧਿਆਨ ਰੱਖਣ ਕਰ ਕੇ ਅੱਜ ਦੇ ਭਾਰਤ ਦਾ ਆਗੂ ਕਦੀ ਸਰਜੀਕਲ ਸਟਰਾਈਕ ਤੇ ਕਦੀ ਏਅਰ ਸਟਰਾਈਕ ਵੱਲ ਲੋਕਾਂ ਦਾ ਧਿਆਨ ਖਿੱਚਣ ਲੱਗਾ ਰਹਿੰਦਾ ਹੈ, ਪਰ ਲੋਕਾਂ ਦੇ ਘਰਾਂ ਵਿੱਚ ਰੋਟੀ-ਦਾਲ ਦਾ ਕੀ ਹਾਲ ਹੈ, ਇਸ ਦੀ ਚਰਚਾ ਨਹੀਂ ਕਰਦਾ। ਜਿਸ ਵਕਤ ਉਹ ਕਰਨ ਲੱਗੇਗਾ ਤਾਂ ਅੰਕੜਿਆਂ ਤੋਂ ਖਾਲੀ ਕਹਾਣੀਆਂ ਸੁਣਾ ਕੇ ਵੀ ਭੀੜਾਂ ਤੋਂ ਤਾੜੀਆਂ ਉਸ ਨੇ ਮਰਵਾ ਲੈਣੀਆਂ ਹਨ।

ਇਸ ਹਫਤੇ ਭਾਰਤੀ ਰਿਜ਼ਰਵ ਬੈਂਕ ਨੇ ਕੁਝ ਅੰਕੜੇ ਰਿਲੀਜ਼ ਕੀਤੇ ਹਨ ਤੇ ਇਨ੍ਹਾਂ ਵਿੱਚ ਕਨਜ਼ਿਊਮਰ ਕਨਫੀਡੈਂਸ ਇੰਡੈਕਸ (ਖਪਤਕਾਰ ਭਰੋਸੇਯੋਗਤਾ ਸੂਚਕ ਅੰਕ) ਵੀ ਸ਼ਾਮਲ ਹੈ, ਜਿਹੜਾ ਇਹ ਦੱਸਣ ਨੂੰ ਕਾਫੀ ਹੈ ਕਿ ਸਰਕਾਰ ਬਾਰੇ ਦੇਸ਼ ਦੇ ਲੋਕਾਂ ਦਾ ਭਰੋਸਾ ਖੁਰ ਰਿਹਾ ਹੈ। ਇਸ ਸੂਚਕ ਅੰਕ ਮੁਤਾਬਕ ਪ੍ਰਧਾਨ ਮੰਤਰੀ ਵੀ ਪੀ ਸਿੰਘ ਦੇ ਰਾਜ ਵੇਲੇ ਭਾਰਤ ਦੀ ਜਿਹੜੀ ਆਰਥਿਕਤਾ ਏਨੀਂ ਨੀਵੀਂ ਚਲੀ ਗਈ ਕਿ ਰਿਜ਼ਰਵ ਬੈਂਕ ਨੂੰ ਸੋਨਾ ਵਿਦੇਸ਼ ਵਿੱਚ ਗਹਿਣੇ ਰੱਖਣਾ ਪਿਆ ਸੀ ਤੇ ਫਿਰ ਏਨੀ ਸੁਧਰ ਗਈ ਕਿ ਵਿਦੇਸ਼ੀ ਕਰੰਸੀ ਦੇ ਭੰਡਾਰ ਭਰਨ ਲੱਗੇ ਸਨ, ਉਹ ਫਿਰ ਡਿੱਗਣ ਲੱਗੀ ਹੈ। ਕਿਸੇ ਹੋਰ ਦੇ ਦੱਸੇ ਦੀ ਗੱਲ ਅਸੀਂ ਨਾ ਕਰੀਏ, ਭਾਰਤ ਦੇ ਪੁਰਾਣੇ ਯੋਜਨਾ ਕਮਿਸ਼ਨ ਦਾ ਨਾਂਅ ਬਦਲ ਕੇ ਬਣਾਏ ਨੀਤੀ ਆਯੋਗ ਦੇ ਮੀਤ ਪ੍ਰਧਾਨ ਨੇ ਪਿਛਲੇ ਮਹੀਨੇ ਇਹ ਸੱਚ ਮੰਨ ਲਿਆ ਕਿ ਜਿੰਨੀ ਮੰਦੀ ਹਾਲਤ ਅੱਜ ਹੈ, ਏਨੀ ਬੀਤੇ ਦਸ ਸਾਲ ਵਿੱਚ ਕਦੇ ਵੀ ਨਹੀਂ ਹੋਈ। ਅਗਲਾ ਹਫਤਾ ਸਾਰੀ ਕੇਂਦਰ ਸਰਕਾਰ ਇਸ ਬਿਆਨ ਦਾ ਅਸਰ ਪੂੰਝਣ ਲੱਗੀ ਰਹੀ। ਪਿਛਲੇ ਹਫਤੇ ਦੇਸ਼ ਦੇ ਰਿਜ਼ਰਵ ਬੈਂਕ ਨੇ ਉਹ ਸੱਚ ਪੇਸ਼ ਕਰ ਦਿੱਤਾ ਹੈ ਕਿ ਇਸ ਦਾ ਦਾਗ ਪੂੰਝਣ ਲਈ ਸਰਕਾਰ ਨੂੰ ਅਗਲਾ ਹਫਤਾ ਫੇਰ ਪੋਚਾ ਮਾਰਨ ਦਾ ਕੰਮ ਕਰਨਾ ਪੈਣਾ ਹੈ। ਦੇਸ਼ ਦੀ ਆਰਥਿਕਤਾ ਦੀ ਮਜ਼ਬੂਤੀ ਏਥੋਂ ਲੱਭਦੀ ਹੈ ਕਿ ਲੋਕਾਂ ਦਾ ਆਪਣੀ ਸਰਕਾਰ ਤੇ ਸਿਸਟਮ ਵਿੱਚ ਭਰੋਸਾ ਕਿੰਨਾ ਹੈ ਤੇ ਇਸ ਸੂਚਕ ਅੰਕ ਦੇ ਅੰਕੜੇ ਸੌ ਤੋਂ ਉੱਪਰ ਚਲੇ ਜਾਣ ਤਾਂ ਸਰਕਾਰ ਦਾ ਪੱਖ ਮਜ਼ਬੂਤ ਅਤੇ ਸੌ ਤੋਂ ਹੇਠਾਂ ਡਿੱਗਣ ਤਾਂ ਸਰਕਾਰ ਵੱਲ ਬੇਭਰੋਸਗੀ ਪਤਾ ਲੱਗਦੀ ਹੈ। ਇਸ ਹਫਤੇ ਰਿਜ਼ਰਵ ਬੈਂਕ ਨੇ ਜਿਹੜਾ ਚਾਰਟ ਪੇਸ਼ ਕੀਤਾ ਹੈ, ਉਹ ਦੱਸਦਾ ਹੈ ਕਿ ਬੇਭਰੋਸਗੀ ਪਹਿਲਾਂ ਬੜੀ ਘੱਟ ਸੀ ਅਤੇ ਨਰਿੰਦਰ ਮੋਦੀ ਦਾ ਰਾਜ ਆਏ ਤੋਂ ਇਸ ਦਾ ਅਕਸ ਵਧਿਆ ਸੀ, ਫਿਰ ਏਨਾ ਡਿੱਗ ਪਿਆ ਹੈ ਕਿ ਅੱਜ ਉਸ ਦਾ ਜ਼ਿਕਰ ਵੀ ਕੰਬਣੀ ਛੇੜ ਦੇਂਦਾ ਹੈ।

ਆਹ ਅਕਤੂਬਰ ਸ਼ੁਰੂ ਹੋਣ ਲੱਗਿਆਂ ਰਿਜ਼ਰਵ ਬੈਂਕ ਨੇ ਜਿਹੜਾ ਲੇਖਾ ਰੱਖਿਆ ਹੈ, ਉਸ ਮੁਤਾਬਕ ਮਾਰਚ 2014 ਵਿੱਚ ਮਨਮੋਹਨ ਸਿੰਘ ਦੇ ਸਮੇਂ ਦੇਸ਼ ਦੀ ਸਰਕਾਰ ਉੱਤੇ ਲੋਕਾਂ ਦਾ ਭਰੋਸਾ ਸੌ ਦੇ ਅੰਕੜੇ ਤੋਂ ਹੇਠਾਂ ਮਸਾਂ ਅਠਾਨਵੇਂ ਤੋਂ ਕੁਝ ਕੁ ਉੱਪਰ ਸੀ। ਦੋ ਮਹੀਨੇ ਬਾਅਦ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਭਰੋਸਾ ਵਧ ਕੇ ਇੱਕ ਸਾਲ ਦੇ ਅੰਦਰ ਇੱਕ ਸੌ ਪੰਜ ਦੇ ਅੰਕੜੇ ਤੱਕ ਪਹੁੰਚ ਗਿਆ ਤੇ ਬੇਭਰੋਸਗੀ ਦੀ ਕੋਈ ਗੱਲ ਤੱਕ ਨਹੀਂ ਸੀ ਕਰ ਸਕਦਾ। ਫਿਰ ਇਹ ਭਰੋਸਾ ਡਿੱਗਣ ਲੱਗ ਪਿਆ ਤੇ ਡਿੱਗਦਾ-ਡਿੱਗਦਾ ਮਨਮੋਹਨ ਸਿੰਘ ਦੇ ਅਠਾਨਵੇਂ ਵਾਲੇ ਅੰਕ ਤੋਂ ਵੀ ਹੇਠਾਂ ਪਚਾਨਵੇਂ ਉੱਤੇ ਆ ਗਿਆ, ਪਰ ਅਗਲੀਆਂ ਪਾਰਲੀਮੈਂਟ ਚੋਣਾਂ ਨੇੜੇ ਜਾ ਕੇ ਸਰਕਾਰ ਨੇ ਕੁਝ ਏਦਾਂ ਦੇ ਕਦਮ ਚੁੱਕੇ ਕਿ ਭਰੋਸਾ ਫਿਰ ਵਧ ਕੇ ਬਰਾਬਰੀ ਦੇ ਸੌ ਨੰਬਰ ਦਾ ਅੰਕੜਾ ਟੱਪਿਆ ਅਤੇ ਇੱਕ ਸੌ ਪੰਜ ਤੱਕ ਚਲਾ ਗਿਆ। ਫਿਰ ਲੋਕ ਸਭਾ ਚੋਣ ਵਿੱਚ ਨਰਿੰਦਰ ਮੋਦੀ ਸਰਕਾਰ ਦੋਹਰੀ ਵਾਰ ਬਣੀ ਤੇ ਇਸ ਦੇ ਮਗਰੋਂ ਲੁਕਵੀਂ ਹਾਲਤ ਬਾਹਰ ਆਉਣ ਲੱਗ ਪਈ ਅਤੇ ਇਸ ਦੇ ਨਾਲ ਹੀ ਸਰਕਾਰ ਵਿੱਚ ਬੇਭਰੋਸਗੀ ਦੋਬਾਰਾ ਵਧਣ ਲੱਗ ਪਈ। ਪਾਰਲੀਮੈਂਟ ਦੇ ਚੋਣ ਨਤੀਜੇ ਤੋਂ ਇੱਕਦਮ ਪਿੱਛੋਂ ਇਹ ਭਰੋਸਾ ਡਿੱਗ ਕੇ ਸਤਾਨਵੇਂ ਨੰਬਰ ਉੱਤੇ ਆ ਗਿਆ ਤੇ ਜੁਲਾਈ ਵਿੱਚ ਛਿਆਨਵੇਂ ਤੋਂ ਡਿੱਗਦਾ ਇਹ ਸਤੰਬਰ ਦੇ ਅੰਤ ਤੱਕ ਨੱਬੇ ਤੋਂ ਵੀ ਹੇਠਾਂ ਪਹੁੰਚ ਗਿਆ। ਇਸ ਦੌਰਾਨ ਬੈਂਕਾਂ ਵਿੱਚ ਆਮ ਲੋਕਾਂ ਦੀ ਬੇਭਰੋਸਗੀ ਕਾਰਨ ਰੋਜ਼ ਅਫਵਾਹਾਂ ਦੇ ਦੌਰ ਚੱਲੇ ਤੇ ਏਸੇ ਕਾਰਨ ਸ਼ੇਅਰ ਮਾਰਕੀਟ ਦੀ ਉਠਕ-ਬੈਠਕ ਦਿਖਾਈ ਦਿੱਤੀ, ਪਰ ਸਰਕਾਰ ਇਸ ਨੂੰ ਨੁਕਸ ਹੀ ਨਹੀਂ ਮੰਨਦੀ।

ਜਦੋਂ ਦੇਸ਼ ਦੀ ਸਰਕਾਰ ਨੂੰ ਡਿੱਗ ਰਹੀ ਆਰਥਿਕਤਾ ਸੰਭਾਲਣ ਵੱਲ ਧਿਆਨ ਦੇਣਾ ਚਾਹੀਦਾ ਹੈ, ਪ੍ਰਧਾਨ ਮੰਤਰੀ ਦਾ ਧਿਆਨ ਇਸ ਗੱਲ ਵਿੱਚ ਲੱਗਾ ਰਿਹਾ ਕਿ ਫਲਾਣਾ ਦੇਸ਼ ਮੈਂ ਗਾਹ ਲਿਆ ਹੈ ਅਤੇ ਫਲਾਣਾ ਰਹਿ ਗਿਆ ਹੈ। ਇਹ ਗੱਲ ਵੀ ਚਰਚਾ ਵਿੱਚ ਰਹਿੰਦੀ ਹੈ ਕਿ ਭਾਰਤ ਦੀ ਰਾਜਨੀਤੀ ਦਾ ਢੰਡੋਰਾ ਪ੍ਰਧਾਨ ਮੰਤਰੀ ਵਿਦੇਸ਼ ਜਾ ਕੇ ਪਿੱਟਦਾ ਹੈ ਤੇ ਓਥੇ ਜਿਹੜੇ ਵੱਡੇ ਇਕੱਠ ਮੋਟਾ ਪੈਸਾ ਖਰਚ ਕੇ ਕਰਾਏ ਜਾਂਦੇ ਹਨ, ਉਨ੍ਹਾਂ ਨਾਲ ਭਾਰਤ ਦੇ ਲੋਕਾਂ ਨੂੰ ਇਹ ਵਿਸ਼ਵਾਸ ਦੇਣ ਵਾਸਤੇ ਯਤਨ ਕੀਤਾ ਜਾਂਦਾ ਹੈ ਕਿ ਤੁਹਾਡੀ ਕਿਸਮਤ ਸੰਸਾਰ ਪੱਧਰ ਦੀ ਹਸਤੀ ਦੇ ਹੱਥਾਂ ਵਿੱਚ ਹੈ। ਹਰ ਵਾਰੀ ਕਿਹਾ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੇ ਦੌਰੇ ਪਿੱਛੋਂ ਵਿਦੇਸ਼ੀ ਪੂੰਜੀ ਦਾ ਹੜ੍ਹ ਆ ਜਾਵੇਗਾ, ਪਰ ਲੋਕ ਬਰਸਾਤੀ ਪਾਣੀ ਦੇ ਹੜ੍ਹ ਵਿੱਚ ਹੀ ਗੋਤੇ ਖਾਂਦੇ ਰਹਿੰਦੇ ਹਨ, ਪੂੰਜੀ ਨਿਵੇਸ਼ ਦਾ ਹੜ੍ਹ ਨਹੀਂ ਆਉਂਦਾ। ਕਿਸੇ ਨਾ ਕਿਸੇ ਦਿਨ ਆਮ ਲੋਕਾਂ ਦਾ ਧਿਆਨ ਇਸ ਪਾਸੇ ਹੋ ਸਕਦਾ ਹੈ, ਉਸ ਮੌਕੇ ਇਸ ਤਰ੍ਹਾਂ ਦੀਆਂ ਭੀੜਾਂ ਦੀ ਲੋੜ ਹੈ, ਜਿਹੜੀਆਂ ਲੋਕਾਂ ਦੇ ਮਨਾਂ ਵਿੱਚ ਇਹ ਗੱਲ ਪਾ ਸਕਣ ਕਿ ਚਾਰ ਦਿਨ ਰੋਟੀ-ਦਾਲ ਨਹੀਂ ਮਿਲੀ ਤਾਂ ਸਾਨੂੰ ਕੋਈ ਫਰਕ ਨਹੀਂ ਪੈਂਦਾ, ਧਰਮ ਦੀ ਜੈਕਾਰ ਦਾ ਮੌਕਾ ਹੱਥੋਂ ਨਹੀਂ ਜਾਣ ਦੇਣਾ। ਕਿਸੇ ਨੂੰ ਸਾਈਕਲ ਚੋਰ ਕਹਿ ਕੇ ਕੁੱਟਣਾ ਹੈ ਤਾਂ ਨਾਅਰਾ ਉਸ ਕੋਲੋਂ 'ਜੈ ਸ੍ਰੀ ਰਾਮ' ਦਾ ਇਸ ਲਈ ਲਵਾਉਣਾ ਹੈ ਕਿ ਇਸ ਕੁਟਾਪੇ ਨੂੰ ਧਰਮ ਦੀ ਸੇਵਾ ਕਹਿ ਕੇ ਲੋਕਾਂ ਦਾ ਧਿਆਨ ਉਨ੍ਹਾਂ ਦੀ ਜ਼ਿੰਦਗੀ ਦੇ ਮੁੱਦਿਆਂ ਵੱਲੋਂ ਹਟਾਇਆ ਜਾ ਸਕੇ। ਇਹ ਖੇਡ ਪੰਜ ਸਾਲ ਪਹਿਲਾਂ ਬਿਸਾਹੜਾ ਪਿੰਡ ਵਿੱਚ ਅਖਲਾਕ ਖਾਨ ਦੇ ਕਤਲ ਤੋਂ ਸ਼ੁਰੂ ਹੋਈ ਤੇ ਕਿਹਾ ਗਿਆ ਸੀ ਕਿ ਉਸ ਦੇ ਘਰ ਵਿੱਚੋਂ ਗਾਂ ਦਾ ਮਾਸ ਮਿਲਿਆ ਹੈ। ਫਿਰ ਉਸ ਤੋਂ ਬਾਅਦ ਕਈ ਰਾਜਾਂ ਤੋਂ ਹੁੰਦੀ ਪਤਾ ਨਹੀਂ ਕਿੱਥੋਂ ਤੱਕ ਗਈ, ਪਰ ਨਾ ਇਹ ਖੇਡ ਕਈ ਆਪ ਹੀ ਰੁਕੀ ਤੇ ਨਾ ਸਰਕਾਰ ਨੇ ਇਸ ਨੂੰ ਰੋਕਣ ਦੀ ਕਦੀ ਕੋਸ਼ਿਸ਼ ਕੀਤੀ ਹੈ।

ਇਸ ਦੀ ਥਾਂ ਹੋਇਆ ਇਹ ਕਿ ਇੱਕ ਵਾਰੀ ਦੇਸ਼ ਦੀਆਂ ਉਨੰਜਾ ਪ੍ਰਮੁੱਖ ਹਸਤੀਆਂ ਨੇ ਇਸ ਦੇ ਵਿਰੋਧ ਦਾ ਮਨ ਬਣਾਇਆ ਤੇ ਪ੍ਰਧਾਨ ਮੰਤਰੀ ਨੂੰ ਇੱਕ ਖੁੱਲ੍ਹੀ ਚਿੱਠੀ ਲਿਖੀ ਅਤੇ ਭੀੜਾਂ ਵੱਲੋਂ ਜਣੇ-ਖਣੇ ਨੂੰ ਕੁੱਟ-ਕੁੱਟ ਮਾਰ ਦੇਣ ਦੇ ਕਾਂਡ ਵਾਪਰਨ ਤੋਂ ਰੋਕਣ ਦੀ ਬੇਨਤੀ ਕੀਤੀ ਸੀ। ਉਨ੍ਹਾਂ ਦੇ ਵਿਰੋਧ ਵਿੱਚ ਇੱਕ ਕੁੜੱਤਣਾਂ ਭਰਪੂਰ ਚਿੱਠੀ ਇਕਾਹਠ ਹਸਤੀਆਂ ਨੇ ਲਿਖ ਦਿੱਤੀ ਕਿ ਤੁਸੀਂ ਇਹ ਚਿੱਠੀ ਲਿਖ ਕੇ ਦੇਸ਼ ਦੀ ਬਦਨਾਮੀ ਹੀ ਨਹੀਂ ਕੀਤੀ, ਤੁਸੀਂ ਦੇਸ਼ ਧਰੋਹ ਕੀਤਾ ਹੈ। ਇੱਕ ਜਣੇ ਨੇ ਉਨ੍ਹਾਂ ਨੇਕ ਸਲਾਹ ਦੇਣ ਵਾਲਿਆਂ ਵਿਰੁੱਧ ਅਦਾਲਤ ਵਿੱਚ ਕੇਸ ਦਾਇਰ ਕਰ ਦਿੱਤਾ। ਅਗਲੀ ਗੱਲ ਇਹ ਵਾਪਰੀ ਕਿ ਭੀੜਾਂ ਭੜਕਾਉਣ ਤੇ ਉਨ੍ਹਾਂ ਦੀ ਸਰਪ੍ਰਸਤੀ ਕਰਨ ਵਾਲਿਆਂ ਦਾ ਵਾਲ ਵੀ ਵਿੰਗਾ ਨਹੀਂ ਹੋਇਆ ਤੇ ਨੇਕੀ ਦੀ ਸਲਾਹ ਦੇਣ ਵਾਲੇ ਉਨੰਜਾ ਲੋਕਾਂ ਉੱਤੇ ਬੀਤੇ ਹਫਤੇ ਦੇਸ਼-ਧਰੋਹ ਦਾ ਕੇਸ ਬਣ ਗਿਆ। ਜਿਹੜੇ ਦੇਸ਼ਾਂ ਵਿੱਚ ਵੀ ਲੋਕਾਂ ਦਾ ਧਿਆਨ ਓਥੋਂ ਦੀ ਵਿਗੜੀ ਆਰਥਿਕਤਾ ਅਤੇ ਹੋਰ ਮਸਲਿਆਂ ਤੋਂ ਹਟਾਉਣ ਦੀ ਖੇਡ ਖੇਡੀ ਗਈ ਅਤੇ ਜਿਨ੍ਹਾਂ ਦੇਸ਼ਾਂ ਨੂੰ ਉਹ ਲੀਡਰ ਮਿਲ ਗਏ, ਜਿਨ੍ਹਾਂ ਦੇ ਪਿੱਛੇ ਖੜੀ ਭੀੜ ਕੁਝ ਵੀ ਕਰਨ ਨੂੰ ਤਿਆਰ ਹੋਵੇ, ਓਥੇ ਅਕਲਾਂ ਨੂੰ ਜਿੰਦਰੇ ਲੱਗਣ ਵਾਲਾ ਦੌਰ ਸ਼ੁਰੂ ਹੁੰਦਾ ਅਤੇ ਫਿਰ ਪਿਛਲੀ ਸਭ ਕੀਤੀ-ਕੱਤਰੀ ਖੂਹ ਵਿੱਚ ਪੈਣ ਵਾਲੀ ਗੱਲ ਵਾਪਰਦੀ ਹੈ। ਭਾਰਤ ਸਦੀਆਂ ਦੇ ਸਫਰ ਵਿੱਚ, ਯੁੱਗਾਂ ਦੇ ਪੈਂਡੇ ਵਿੱਚ ਜਿਸ ਲੀਹ ਤੋਂ ਕਦੇ ਨਹੀਂ ਸੀ ਲੱਥਾ, ਇਸ ਵੇਲੇ ਲੱਥ ਰਿਹਾ ਜਾਪਦਾ ਹੈ ਅਤੇ ਇਸ ਦੌਰਾਨ ਇਸ ਦੇਸ਼ ਦੀ ਅਗਵਾਈ ਏਨੇ ਸੁਲੱਖਣੇ ਹੱਥਾਂ ਵਿੱਚ ਹੈ ਕਿ ਅਕਲ ਦੀ ਗੱਲ ਕਰਨਾ ਵੀ 'ਦੇਸ਼ ਧਰੋਹ' ਮੰਨਿਆ ਜਾਣ ਲੱਗਾ ਹੈ।

# ਹਮਲੇ ਸਾਊਦੀ ਅਰਬ ਉੱਤੇ, ਫਾਇਦਾ ਅਮਰੀਕਾ ਨੂੰ

-ਸੰਜੀਵ ਪਾਂਡੇ-

ਸਾਊਦੀ ਅਰਬ ਤੇ ਇਰਾਨ ਵਿਚਾਲੇ ਤਣਾਅ ਇੱਕ ਵਾਰ ਫਿਰ ਵਧ ਗਿਆ ਹੈ। ਸਾਊਦੀ ਅਰਬ ਦੇ ਅਬਕੈਕ ਅਤੇ ਖੁਰਾਇਸ ਵਾਲੇ ਦੋ ਤੇਲ ਉਤਪਾਦਨ ਕੇਂਦਰਾਂ ਉੱਤੇ ਡਰੋਨ ਹਮਲੇ ਹੋਏ ਹਨ ਤਾਂ ਜ਼ਿੰਮੇਵਾਰੀ ਭਾਵੇਂ ਯਮਨ ਦੇ ਹੂਦੀ ਬਾਗੀਆਂ ਨੇ ਲਈ, ਪਰ ਅਮਰੀਕਾ ਇਸ ਪਿੱਛੇ ਇਰਾਨ ਦਾ ਹੱਥ ਮੰਨਦਾ ਹੈ। ਹਮਲੇ ਕਾਰਨ ਕੌਮਾਂਤਰੀ ਤੇਲ ਬਾਜ਼ਾਰ ਵਿੱਚ ਹਲਚਲ ਮੱਚ ਗਈ। ਤਣਾਅ ਜਾਰੀ ਰਿਹਾ ਤਾਂ ਤੇਲ ਦੀ ਕੀਮਤ ਵਧਣ ਲੱਗ ਪਈ। ਜੇ ਅਜਿਹੇ ਹੋਰ ਹਮਲੇ ਹੋਏ ਤਾਂ ਸਾਊਦੀ ਅਰਬ ਦੇ ਅਰਥਚਾਰੇ ਨੂੰ ਨੁਕਸਾਨ ਹੋਵੇਗਾ, ਨਾਲ ਦੁਨੀਆ ਭਰ ਦੀ ਤੇਲ ਸਪਲਾਈ 'ਤੇ ਵੀ ਮਾੜਾ ਅਸਰ ਪਵੇਗਾ।

ਇਨ੍ਹਾਂ ਕੇਂਦਰਾਂ ਵਿੱਚ ਰੋਜ਼ਾਨਾ 57 ਲੱਖ ਬੈਰਲ ਤੇਲ ਦੀ ਪੈਦਾਵਾਰ ਹੁੰਦੀ ਸੀ, ਜੋ ਫਿਲਹਾਲ ਸਾਊਦੀ ਅਰਬ ਨੇ ਰੋਕ ਦਿੱਤੀ ਹੈ। ਇਹ ਸਾਊਦੀ ਅਰਬ ਦੀ ਕੁੱਲ ਤੇਲ ਪੈਦਾਵਾਰ ਦਾ ਕਰੀਬ 60 ਫੀਸਦੀ ਅਤੇ ਦੁਨੀਆ ਦੀ ਕੁੱਲ ਤੇਲ ਸਪਲਾਈ ਦਾ ਪੰਜ ਫੀਸਦੀ ਹੈ। ਸਾਊਦੀ ਅਰਬ ਰੋਜ਼ਾਨਾ ਨੱਬੇ ਤੋਂ 100 ਲੱਖ ਬੈਰਲ ਤੇਲ ਕੱਢਦਾ ਹੈ। ਜਿਨ੍ਹਾਂ ਤੇਲ ਉਤਪਾਦਨ ਕੇਂਦਰਾਂ ਉਤੇ ਹਮਲਾ ਹੋਇਆ, ਉਥੇ ਕੌੜੇ ਤੇਲ ਨੂੰ ਮਿੱਠਾ ਬਣਾਇਆ ਜਾਂਦਾ ਹੈ।

ਅਮਰੀਕਾ ਦਾ ਕਹਿਣਾ ਹੈ ਕਿ ਹਮਲੇ ਲਈ ਇਰਾਨ ਜ਼ਿੰਮੇਵਾਰ ਹੈ। ਇਰਾਨ ਨੇ ਹਮਲੇ ਵਿੱਚ ਆਪਣਾ ਹੱਥ ਹੋਣ ਤੋਂ ਨਾਂਹ ਕੀਤੀ, ਪਰ ਜੇ ਹਮਲੇ ਲਈ ਹੂਦੀ ਬਾਗੀ ਜ਼ਿੰਮੇਵਾਰ ਹੋਣ ਤਾਂ ਇਹ ਪੱਛਮੀ ਏਸ਼ੀਆ ਵਿੱਚ ਅਮਰੀਕੀ ਗਠਜੋੜ ਲਈ ਵੱਡੀ ਵੰਗਾਰ ਹੈ। ਹਮਲੇ ਰਾਹੀਂ ਇਰਾਨ ਤੇ ਇਸ ਦੇ ਹਮਾਇਤੀ ਜੰਗਜੂ ਗਰੁੱਪਾਂ ਨੇ ਸਾਫ ਕਰ ਦਿੱਤਾ ਹੈ ਕਿ ਉਹ ਅਮਰੀਕਾ ਦੇ ਹਮਾਇਤੀ ਸਾਊਦੀ ਅਰਬ ਅਤੇ ਅਮਰੀਕੀ ਫੌਜੀ ਟਿਕਾਣਿਆਂ ਉੱਤੇ ਵਾਰ ਕਰ ਸਕਦੇ ਹਨ। ਗੌਰਤਲਬ ਹੈ ਕਿ ਸਾਊਦੀ ਤੇਲ ਕੰਪਨੀ ਅਰਾਮਕੋ ਦੇ ਤੇਲ ਟਿਕਾਣਿਆਂ ਉਤੇ ਇਹ ਕੋਈ ਪਹਿਲਾ ਹਮਲਾ ਨਹੀਂ। ਪਹਿਲਾਂ ਵੀ ਸਾਊਦੀ ਅਰਬ ਦੀ ਹੱਦ ਦੇ ਅੰਦਰ ਤੇਲ ਪਾਈਪ ਲਾਈਨ ਤੇ ਐਲ ਐਨ ਜੀ ਕੇਂਦਰ ਉੱਤੇ ਹਮਲਾ ਹੋਇਆ ਸੀ। ਇਨ੍ਹਾਂ ਹਮਲਿਆਂ ਵਿੱਚ ਵੀ ਇਰਾਨ ਤੇ ਹੂਦੀ ਬਾਗੀਆਂ ਦਾ ਹੱਥ ਦੱਸਿਆ ਗਿਆ ਸੀ। ਜ਼ਿਕਰ ਯੋਗ ਹੈ ਕਿ ਯਮਨ ਵਿਚਲੇ ਹੂਦੀ ਬਾਗੀਆਂ ਦੀ ਇਰਾਨ ਖੁੱਲ੍ਹ ਕੇ ਮਦਦ ਕਰਦਾ ਹੈ। ਹੂਦੀਆਂ ਨੇ 2014 ਵਿੱਚ ਯਮਨ ਦੀ ਰਾਜਧਾਨੀ ਸਨਾ 'ਤੇ ਕਬਜ਼ਾ ਕਰ ਲਿਆ ਸੀ ਅਤੇ ਸਾਲ 2015 ਤੋਂ ਸਾਊਦੀ ਅਰਬ ਤੇ ਉਸ ਦਾ ਸਾਥੀ ਅਮਰੀਕਾ ਓਥੇ ਹੂਦੀ ਬਾਗੀਆਂ 'ਤੇ ਹਮਲੇ ਕਰ ਰਹੇ ਹਨ, ਪਰ ਹੂਦੀਆਂ ਦੀ ਤਾਕਤ ਕਾਇਮ ਹੈ।

ਅਰਬ ਮੁਲਕਾਂ 'ਚ ਤਣਾਅ ਦਾ ਕਾਰਨ ਅਮਰੀਕੀ ਕੂਟਨੀਤੀ ਹੈ ਜਿਹੜੀ 20ਵੀਂ ਸਦੀ ਦੇ ਸ਼ੁਰੂ ਵਿੱਚ ਆਰੰਭ ਹੋਈ ਸੀ ਤੇ ਇਹ ਤਣਾਅ ਘਟਣ ਦੀ ਥਾਂ ਵਧ ਹੀ ਰਿਹਾ ਹੈ। ਇਸ ਵੇਲੇ ਅਮਰੀਕਾ ਲਗਾਤਾਰ ਇਰਾਨ ਨੂੰ ਨਿਸ਼ਾਨਾ ਬਣਾ ਰਿਹਾ ਹੈ। ਇਰਾਨ ਵੀ ਅਮਰੀਕਾ ਨਾਲ ਸਮਝੌਤੇ ਦੇ ਰੌਂਅ ਵਿੱਚ ਨਹੀਂ। ਉਹ ਆਪਣੇ ਅਰਥਚਾਰੇ ਦੀ ਤਬਾਹੀ ਹੋਣ ਦਾ ਕਾਰਨ ਅਮਰੀਕੀ ਨੀਤੀਆਂ ਨੂੰ ਮੰਨਦਾ ਹੈ। ਇਰਾਨ ਅਤੇ ਸਾਊਦੀ ਅਰਬ ਦੀ ਪੁਰਾਣੀ ਦੁਸ਼ਮਣੀ ਹੈ। ਇਰਾਨ ਆਪਣੇ ਖਿਲਾਫ ਅਮਰੀਕੀ ਪਾਬੰਦੀਆਂ ਲਈ ਸਾਊਦੀ ਅਰਬ ਨੂੰ ਜ਼ਿੰਮੇਵਾਰ ਮੰਨਦਾ ਤੇ ਲਗਾਤਾਰ ਉਸ ਨੂੰ ਨਿਸ਼ਾਨਾ ਬਣਾ ਰਿਹਾ ਹੈ। ਸਾਊਦੀ ਅਰਬ ਦਾ ਅਰਥਚਾਰਾ ਕਿਉਂਕਿ ਪੂਰੀ ਤਰ੍ਹਾਂ ਇਸ ਦੀ ਕੰਪਨੀ ਅਰਾਮਕੋ ਦੀ ਆਮਦਨ 'ਤੇ ਨਿਰਭਰ ਹੈ ਜਿਸ ਲਈ ਇਰਾਨ ਅਤੇ ਇਸ ਦੇ ਹਮਾਇਤੀ ਲੜਾਕੇ ਅਰਾਮਕੋ 'ਤੇ ਹਮਲੇ ਕਰ ਰਹੇ ਹਨ। ਇਸੇ ਕਮਾਈ ਨਾਲ ਸਾਊਦੀ ਅਰਬ ਅਮਰੀਕਾ ਤੋਂ ਹਥਿਆਰ ਖਰੀਦਦਾ ਹੈ। ਅਰਾਮਕੋ ਉਤੇ ਹਮਲੇ ਵਿੱਚ ਇਰਾਨੀ ਰਣਨੀਤੀ ਸਾਫ ਦਿਖਾਈ ਦੇ ਰਹੀ ਹੈ ਤੇ ਭਵਿੱਖ ਵਿੱਚ ਅਜਿਹੇ ਹੋਰ ਹਮਲੇ ਵੀ ਹੋਣਗੇ। ਦੂਜੇ ਪਾਸੇ ਲਿਬਨਾਨ ਤੇ ਸੀਰੀਆ ਤੋਂ ਲੈ ਕੇ ਯਮਨ ਤੱਕ ਇਸ ਵੇਲੇ ਇਰਾਨ ਹਮਾਇਤੀਆਂ ਸ਼ੀਆ ਜੰਗਜੂ ਧੜੇ ਮਜ਼ਬੂਤ ਹਨ। ਇਲਾਕੇ ਦੇ ਅਹਿਮ ਕਾਰੋਬਾਰੀ ਰੂਟਾਂ 'ਤੇ ਇਨ੍ਹਾਂ ਦਾ ਕਬਜ਼ਾ ਹੈ।

ਅਰਬ ਦੇਸ਼ਾਂ ਦਾ ਤਣਾਅ, ਤੇਲ ਦੀ ਸਿਆਸਤ ਤੇ ਇਸ ਵਿੱਚ ਅਰਾਮਕੋ ਦੀ ਭੂਮਿਕਾ ਸਮਝਣੀ ਜ਼ਰੂਰੀ ਹੈ। ਸਾਊਦੀ ਅਰਬ ਦੀ ਸਰਕਾਰੀ ਤੇਲ ਕੰਪਨੀ ਅਰਾਮਕੋ ਮੁਤਾਬਕ ਸਾਊਦੀ ਅਰਬ ਕੋਲ ਕੁੱਲ 336 ਅਰਬ ਬੈਰਲ ਦਾ ਤੇਲ ਭੰਡਾਰ ਹੈ ਜਿਸ ਦੀ ਉਹ ਮਾਲਕ ਹੈ। ਅਰਾਮਕੋ ਨੂੰ ਤੇਲ ਤੋਂ ਸਾਲਾਨਾ ਅਰਬਾਂ ਡਾਲਰ ਦੀ ਕਮਾਈ ਹੁੰਦੀ ਹੈ। ਕੰਪਨੀ ਨੇ 2018 ਵਿੱਚ 111 ਅਰਬ ਡਾਲਰ ਤੇ 2017 ਵਿੱਚ 75 ਅਰਬ ਡਾਲਰ ਦਾ ਸ਼ੁੱਧ ਮੁਨਾਫਾ ਕਮਾਇਆ। ਇਸ ਵਰ੍ਹੇ ਪਹਿਲੇ ਛੇ ਮਹੀਨਿਆਂ ਦੌਰਾਨ ਕੰਪਨੀ ਨੇ 47 ਅਰਬ ਡਾਲਰ ਕਮਾਏ ਹਨ। ਇਸ ਤੋਂ ਇਰਾਨ ਦਾ ਖਫਾ ਹੋਣਾ ਲਾਜ਼ਮੀ ਹੈ ਕਿਉਂਕਿ ਉਹ ਅਮਰੀਕੀ ਪਾਬੰਦੀਆਂ ਕਾਰਨ ਕੌਮਾਂਤਰੀ ਬਾਜ਼ਾਰ ਵਿੱਚ ਤੇਲ ਨਹੀਂ ਵੇਚ ਸਕਦਾ। ਭਾਰਤ ਵਰਗੇ ਗ੍ਰਾਹਕ ਵੀ ਪਾਬੰਦੀ ਕਾਰਨ ਇਰਾਨ ਤੋਂ ਤੇਲ ਨਹੀਂ ਲੈ ਰਹੇ। ਦੂਜੇ ਪਾਸੇ ਅਰਾਮਕੋ ਨੇ ਭਾਰਤ ਵਿੱਚ ਰਿਲਾਇੰਸ ਦੀ ਜਾਮਨਗਰ ਰਿਫਾਈਨਰੀ ਦਾ ਹਿੱਸਾ ਖਰੀਦਣ ਦਾ ਫੈਸਲਾ ਕੀਤਾ ਹੈ। ਇਸ ਤੋਂ ਵੀ ਇਰਾਨ ਨਾਰਾਜ਼ ਹੈ। ਉਸ ਦਾ ਕਹਿਣਾ ਹੈ ਕਿ ਸਾਊਦੀ ਅਰਬ, ਇਸਰਾਈਲ ਤੇ ਅਮਰੀਕਾ ਮਿਲ ਕੇ ਉਸ ਨੂੰ ਤਬਾਹ ਕਰ ਰਹੇ ਹਨ। ਉਂਝ ਇਸਰਾਈਲ ਤੇ ਸਾਊਦੀ ਅਰਬ ਵੀ ਇੱਕ ਦੂਜੇ ਨੂੰ ਫੁੱਟੀ ਅੱਖ ਨਹੀਂ ਭਾਉਂਦੇ, ਪਰ ਅਮਰੀਕਾ ਦੇ ਕੇਸ ਵਿੱਚ ਇਕੱਠੇ ਹਨ। ਅਮਰੀਕੀ ਪਾਬੰਦੀਆਂ ਨਾਲ ਇਰਾਨ ਦੀ ਮਾਲੀ ਹਾਲਤ ਵਿਗੜ ਰਹੀ ਹੈ। ਇਰਾਨ ਯੂਰਪੀ ਮੁਲਕਾਂ ਨੂੰ ਇਹ ਪਾਬੰਦੀਆਂ ਖਤਮ ਕਰਾਉਣ ਲਈ ਆਖ ਰਿਹਾ ਹੈ, ਪਰ ਅਮਰੀਕਾ ਯੂਰਪੀਅਨ ਮੁਲਕਾਂ ਦੀ ਗੱਲ ਨਹੀਂ ਮੰਨ ਰਿਹਾ।

ਅਮਰੀਕਾ ਦੀ ਆਪਣੀ ਰਣਨੀਤੀ ਹੈ। ਸਾਊਦੀ ਅਰਬ ਤੇ ਇਰਾਨ ਦੇ ਤਣਾਅ ਤੋਂ ਅਮਰੀਕਾ ਨੂੰ ਦੋਹਰਾ ਲਾਭ ਹੈ। ਅਰਬ ਮੁਲਕਾਂ ਵਿੱਚ ਤਣਾਅ ਵਧਦਿਆਂ ਹੀ ਅਮਰੀਕਾ ਦੀ ਹਥਿਆਰ ਸਨਅਤ ਦੀ ਚਾਂਦੀ ਹੋ ਜਾਂਦੀ ਹੈ। ਇੱਕ ਵਾਰ ਫਿਰ ਸਾਊਦੀ ਅਰਬ ਨੂੰ ਅਮਰੀਕਾ ਤੋਂ ਹਥਿਆਰ ਖਰੀਦਣੇ ਪੈਣਗੇ ਜਿਸ ਨੇ 2017 ਵਿੱਚ ਅਮਰੀਕਾ ਨਾਲ 350 ਅਰਬ ਡਾਲਰ ਦੇ ਹਥਿਆਰ ਖਰੀਦਣ ਦਾ ਸੌਦਾ ਕੀਤਾ ਸੀ। ਇਨ੍ਹਾਂ ਹਥਿਆਰਾਂ ਦੀ ਸਪਲਾਈ ਦਸ ਸਾਲਾਂ ਦੌਰਾਨ ਹੋਵੇਗੀ ਤੇ 110 ਅਰਬ ਡਾਲਰ ਦੇ ਹਥਿਆਰ ਫੌਰੀ ਖਰੀਦਣੇ ਹਨ। ਤਣਾਅ ਤੋਂ ਅਮਰੀਕੀ ਹਥਿਆਰ ਸਨਅਤ ਵਾਂਗ ਇਸ ਦੀ ਤੇਲ ਸਨਅਤ ਦੇ ਵੀ ਵਾਰੇ-ਨਿਆਰੇ ਹੁੰਦੇ ਹਨ। ਅਮਰੀਕੀ ਸ਼ੈਲ ਆਇਲ ਇੰਡਸਟਰੀ ਅਰਾਮਕੋ ਦੇ ਤੇਲ ਕੇਂਦਰਾਂ ਉੱਤੇ ਹਮਲੇ ਦਾ ਵੱਧ ਤੋਂ ਵੱਧ ਕਾਰੋਬਾਰੀ ਲਾਹਾ ਲੈਣ ਦੇ ਚੱਕਰ ਵਿੱਚ ਹੈ ਕਿਉਂਕਿ ਹਮਲੇ ਕਾਰਨ ਅਰਾਮਕੋ ਨੂੰ ਆਪਣੀ ਤੇਲ ਉਤਪਾਦਨ ਸਮਰੱਥਾ ਕੁਝ ਦੇਰ ਲਈ ਘਟਾਉਣੀ ਪਈ ਹੈ ਜਿਸ ਦਾ ਅਰਥ ਦੁਨੀਆ ਦੀ ਤੇਲ ਸਪਲਾਈ ਨੂੰ ਆਪਣੇ ਸ਼ੈਲ ਤੇਲ ਨਾਲ ਪੂਰਨਾ ਚਾਹੁੰਦਾ ਹਨ। ਇਸ ਵੇਲੇ ਅਮਰੀਕਾ ਰੋਜ਼ ਨੱਬੇ ਲੱਖ ਬੈਰਲ ਸ਼ੈਲ ਤੇਲ ਪੈਦਾ ਕਰਦਾ ਹੈ ਤੇ ਇਸ ਨੂੰ ਯੂਰਪ ਤੋਂ ਲੈ ਕੇ ਏਸ਼ੀਆਈ ਬਾਜ਼ਾਰਾਂ ਵਿੱਚ ਵੇਚਣ ਦੀ ਕੋਸ਼ਿਸ਼ ਵਿੱਚ ਹੈ। ਅਰਾਮਕੋ 'ਤੇ ਹਮਲਾ ਅਮਰੀਕੀ ਸ਼ੈਲ ਆਇਲ ਲਈ ਖੁਸ਼ਖਬਰੀ ਹੈ।

ਸਾਊਦੀ ਅਰਬ ਦੇ ਤੇਲ ਟਿਕਾਣਿਆਂ ਉੱਤੇ ਇਹ ਹਮਲਾ ਭਾਵੇਂ ਕਿਸੇ ਨੇ ਕੀਤਾ ਹੋਵੇ, ਇਸ ਨੇ ਸਾਊਦੀ ਰੱਖਿਆ ਢਾਂਚੇ ਦੀ ਪੋਲ ਖੋਲ੍ਹ ਦਿੱਤੀ ਹੈ। ਪਿਛਲੇ ਸਮੇਂ ਦੌਰਾਨ ਸਾਊਦੀ ਅਰਬ ਦੇ ਤੇਲ ਕੇਂਦਰਾਂ ਅਤੇ ਪਾਈਪ ਲਾਈਨਾਂ 'ਤੇ ਅਜਿਹੇ ਤਿੰਨ ਹਮਲੇ ਹੋਏ ਹਨ। ਜੇ ਤਾਜ਼ਾ ਹਮਲੇ ਹੂਦੀ ਬਾਗੀਆਂ ਨੇ ਕੀਤੇ ਹਨ ਤਾਂ ਇਹ ਹੋਰ ਜ਼ਿਆਦਾ ਖਤਰਨਾਕ ਹੈ। ਗੌਰਤਲਬ ਹੈ ਕਿ ਜੇ ਹੂਦੀ ਬਾਗੀ 500 ਕਿਲੋਮੀਟਰ ਦੂਰ ਤੋਂ ਸਾਊਦੀ ਅਰਬ ਅੰਦਰ ਡਰੋਨ ਹਮਲੇ ਕਰ ਸਕਦੇ ਹਨ ਤਾਂ ਇਸ ਦਾ ਅਸਰ ਏਸ਼ੀਆ ਤੋਂ ਅਮਰੀਕਾ ਤੱਕ ਜਹਾਜ਼ਰਾਨੀ 'ਤੇ ਪਵੇਗਾ। ਹੂਦੀਆਂ ਮੁਤਾਬਕ ਇਹ ਹਮਲਾ ਡਰੋਨ ਰਾਹੀਂ ਕੀਤਾ ਗਿਆ, ਭਾਵ ਹੂਦੀਆਂ ਕੋਲ 1200 ਕਿਲੋਮੀਟਰ ਤੱਕ ਮਾਰ ਕਰਨ ਵਾਲੇ ਉਚ ਮਿਆਰੀ ਡਰੋਨ ਹਨ। ਹੂਦੀਆਂ ਨੂੰ ਡਰੋਨ ਤਕਨੀਕ ਇਰਾਨ ਨੇ ਦਿੱਤੀ ਹੈ। ਅਮਰੀਕਾ ਤੇ ਇਸ ਦੇ ਸਾਥੀ ਫਿਕਰਮੰਦ ਹਨ ਕਿ ਅਗਾਂਹ ਸਮੁੰਦਰ ਰਾਹੀਂ ਤੇਲ ਲਿਜਾਣ ਵਾਲੇ ਉਨ੍ਹਾਂ ਦੇ ਜਹਾਜ਼ਾਂ 'ਤੇ ਵੀ ਅਜਿਹੇ ਹਮਲੇ ਹੋ ਸਕਦੇ ਹਨ।

ਦੂਜੇ ਪਾਸੇ ਸਾਊਦੀ ਅਰਬ ਦੀ ਆਪਣੀ ਚਿੰਤਾ ਹੈ। ਉਹ ਅਮਰੀਕੀ ਹਥਿਆਰਾਂ ਦਾ ਵੱਡਾ ਖਰੀਦਦਾਰ ਹੈ ਜਿਸ ਨੇ ਅਮਰੀਕਾ ਤੋਂ ਅਰਬਾਂ ਡਾਲਰ ਦੇ ਵਧੀਆ ਹਥਿਆਰ ਖਰੀਦੇ ਹਨ। ਉਸ ਦਾ ਰੱਖਿਆ ਬਜਟ ਅਮਰੀਕਾ ਤੇ ਚੀਨ ਤੋਂ ਬਾਅਦ ਦੁਨੀਆ 'ਚੋਂ ਸਭ ਤੋਂ ਵੱਡਾ ਹੈ। ਇਹ 2018 ਵਿੱਚ 68 ਅਰਬ ਡਾਲਰ ਸੀ, ਜੋ ਇਸ ਦੀ ਕੁੱਲ ਘਰੇਲੂ ਪੈਦਾਵਾਰ (ਜੀ ਡੀ ਪੀ) ਦਾ ਨੌਂ ਫੀਸਦੀ ਹੈ। ਬੀਤੇ ਦਸ ਸਾਲਾਂ ਦੌਰਾਨ ਸਾਊਦੀ ਅਰਬ ਨੇ ਆਪਣਾ ਰੱਖਿਆ ਬਜਟ 26 ਫੀਸਦੀ ਵਧਾਇਆ ਹੈ। ਇਸ ਦਾ ਸਭ ਤੋਂ ਵੱਧ ਫਾਇਦਾ ਅਮਰੀਕੀ ਹਥਿਆਰ ਸਨਅਤ ਨੂੰ ਹੋਇਆ, ਪਰ ਜੇ ਸ਼ੀਆ ਜੰਗਜੂਆਂ ਜਾਂ ਇਰਾਨ ਦੇ ਡਰੋਨ ਸਾਊਦੀ ਅਰਬ ਦੇ ਇਸ ਰੱਖਿਆ ਢਾਂਚੇ ਨੂੰ ਸੰਨ੍ਹ ਲਾ ਗਏ ਤਾਂ ਇਸ 'ਤੇ ਖਰਚੇ ਅਰਬਾਂ ਡਾਲਰ ਕਿਸ ਅਰਥ ਲੱਗੇ?

# ਕੋਆਪਰੇਟਿਵ ਬੈਂਕਾਂ ਨੂੰ ਲੈ ਕੇ ਕਦੋਂ ਖੁੱਲ੍ਹੇਗੀ 'ਨੀਂਦ'

-ਐਲ ਵੈਂਕਟੇਸ਼

ਪੰਜਾਬ ਐਂਡ ਮਹਾਰਾਸ਼ਟਰ ਕੋ-ਆਪ੍ਰੇਟਿਵ ਬੈਂਕ (ਪੀ ਐਮ ਸੀ) ਵਿੱਚ ਪੈਸਾ ਜਮ੍ਹਾ ਕਰਵਾਉਣ ਵਾਲਿਆਂ ਦਾ ਭਰੋਸਾ ਘਟਦਾ ਜਾ ਰਿਹਾ ਹੈ। 18800 ਕਰੋੜ ਰੁਪਏ ਦੀ ਕੁਲ ਜਮ੍ਹਾ ਰਕਮ ਵਿੱਚੋਂ 6500 ਕਰੋੜ ਰੁਪਏ ਇੱਕ ਰੀਅਲ ਅਸਟੇਟ ਕੰਪਨੀ ਐਚ ਡੀ ਆਈ ਐਲ ਦੇ ਹਵਾਲੇ ਕਰ ਦਿੱਤੇ ਗਏ। ਇਸ ਕੰਪਨੀ ਨੇ 21 ਅਗਸਤ ਨੂੰ ਦੀਵਾਲੀਆ ਐਲਾਨੇ ਜਾਣ ਦੀ ਪਟੀਸ਼ਨ ਦਾਇਰ ਕੀਤੀ ਅਤੇ ਉਸ ਤੋਂ ਠੀਕ ਇੱਕ ਮਹੀਨੇ ਪਿੱਛੋਂ ਇੱਕ ਵ੍ਹਿਸਲ ਬਲੋਅਰ ਨੇ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਸਾਹ-ਮਣੇ ਭੇਤ ਖੋਲ੍ਹਿਆ ਕਿ ਬੈਂਕ ਵਿੱਚ ਰਕਮ ਦਾ ਸਫਾਇਆ ਹੋ ਚੁੱਕਾ ਹੈ। ਇੱਕ ਹਫਤੇ ਬਾਅਦ ਆਰ ਬੀ ਆਈ ਨੇ ਪੀ ਐਮ ਸੀ ਦੇ ਬੋਰਡ ਦੀ ਜਗ੍ਹਾ ਇਸ ਬੈਂਕ ਨੂੰ ਇੱਕ ਪ੍ਰਸ਼ਾਸਕ ਦੀ ਨਿਗਰਾਨੀ ਹੇਠ ਕਰ ਕੇ ਪੈਸਾ ਕੱਢਣ 'ਤੇ ਪਾਬੰਦੀ ਲਾ ਦਿੱਤੀ। ਫਿਰ ਛੋਟੇ ਜਮ੍ਹਾ ਕਰਤਾਵਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੀ ਉਮਰ ਭਰ ਦੀ ਕਮਾਈ ਚਲੀ ਗਈ ਹੈ।

ਨਿਰਾਸ਼ਾ ਉਦੋਂ ਗੁੱਸੇ ਵਿੱਚ ਬਦਲ ਗਈ, ਜਦੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਬੈਂਕ ਦਾ ਚੇਅਰਮੈਨ ਵਰਿਆਮ ਸਿੰਘ ਐਚ ਡੀ ਆਈ ਐਲ ਅਤੇ ਡੀ ਐਚ ਐਫ ਐਲ ਦੇ ਪ੍ਰਮੋਟਰ ਵਧਾਵਨ ਪਰਵਾਰ ਦਾ ਪਰਵਾਰਕ ਮਿੱਤਰ ਹੈ ਅਤੇ ਕਈ ਸਾਲਾਂ ਤੱਕ ਇਨ੍ਹਾਂ ਦੋਵਾਂ ਕੰਪਨੀਆਂ ਦੇ ਬੋਰਡਾਂ 'ਚ ਵਰਿਆਮ ਸਿੰਘ ਨੇ ਸੇਵਾਵਾਂ ਦਿੱਤੀਆਂ ਹਨ। ਮੈਨੇਜਿੰਗ ਡਾਇਰੈਕਟਰ (ਐਮ ਡੀ) ਜੁਆਏ ਥਾਮਸ ਦੇ ਜੁਰਮ ਇਕਬਾਲ ਕਰਨ ਨਾਲ ਹੋਰ ਵੀ ਅਪਮਾਨਜ ਨਕ ਸਥਿਤੀ ਬਣ ਗਈ ਕਿਉਂਕਿ ਉਸ ਨੇ ਦਿਨ-ਦਿਹਾੜੇ ਕੀਤੀ ਉਸ 'ਡਕੈਤੀ' ਲਈ ਬੇਸ਼ਰਮੀ ਨਾਲ ਖੁਦ ਨੂੰ ਤੇ ਇੱਥੋਂ ਤੱਕ ਕਿ ਆਰ ਬੀਆਈ ਨੂੰ ਦੋਸ਼ ਦਿੱਤਾ।

ਚੰਗੀ ਖਬਰ ਇਹ ਹੈ ਕਿ ਪੀ ਐਮ ਸੀ ਦੀ ਲਗੱਭਗ 44 ਫੀਸਦੀ ਜਮ੍ਹਾ ਰਕਮ ਦੇ ਵਾਸਤੇ ਬੀਮਾ ਕੀਤਾ ਗਿਆ ਹੈ, ਜਦ ਕਿ ਬਾਕੀ 30-35 ਫੀਸਦੀ ਰਕਮ ਐਸ ਐਲ ਆਰ ਅਤੇ ਸੀ ਆਰ ਆਰ ਜਮ੍ਹਾ ਵਸਤਾਂ ਦੇ ਲਈ ਵਸੂਲੇ ਜਾ ਸਕਦੇ ਹਨ। ਇਸ ਦਾ ਮਤਲਬ ਇਹ ਹੈ ਕਿ 70-75 ਫੀਸਦੀ ਜਮ੍ਹਾ ਰਕਮ ਵਾਪਸ ਮਿਲ ਸਕਦੀ ਹੈ ਪਰ ਚੰਗੀ ਖਬਰ ਇਥੇ ਹੀ ਖਤਮ ਹੋ ਜਾਂਦੀ, ਕਿਉਂਕਿ ਸਾਰੀ ਕਾਨੂੰਨੀ ਪ੍ਰਕਿਰਿਆ ਪੂਰੀ ਹੋਣ 'ਚ ਵਰ੍ਹੇ ਲੱਗ ਸਕਦੇ ਹਨ।

ਕੋਆਪਰੇਟਿਵ ਬੈਂਕ ਇੱਕ ਉਚਿੱਤ ਬੈਕਿੰਗ ਪ੍ਰਣਾਲੀ ਦੀ ਘਾਟ ਦਾ ਇਤਿਹ-ਾਸਿਕ ਤੌਰ ਉੱਤੇ ਸਮਾਜਿਕ-ਸਿਆਸੀ ਜੁਆਬ ਸਨ। ਮਹਾਰਾਸ਼ਟਰ ਵਿੱਚ ਕੋਆਪਰੇਟਿਵ ਅੰਦੋਲਨ ਗੰਨਾ ਤੇ ਖੰਡ ਮਿੱਲਾਂ ਵਿੱਚ ਛਿੜਿਆ ਅਤੇ ਫਿਰ ਆਮ ਲੋਕਾਂ ਦੇ ਕਰਜ਼ਿਆਂ ਦੇ ਰੂਪ ਵਿੱਚ ਫੈਲ ਗਿਆ। ਗੁਜਰਾਤ ਵਿੱਚ ਅੰਦੋਲਨ ਦੁੱਧ ਨਾਲ ਸ਼ੁਰੂ ਹੋਇਆ ਅਤੇ ਫਿਰ ਇਸ ਦਾ ਨਤੀਜਾ ਕੋਆਪਰੇਟਿਵ ਬੈਂਕਾਂ ਦੇ ਰੂਪ ਵਿੱਚ ਨਿਕਲਿਆ। ਕੋਆਪਰੇਟਿਵ ਬੈਂਕਾਂ ਦਾ ਢਾਂਚਾ ਤਬਾਹੀ ਦਾ ਇੱਕ ਨੁਸਖਾ ਹੈ। ਜਮ੍ਹਾਂ ਕਰਤਾ ਸ਼ੇਅਰ ਧਾਰਕ ਅਤੇ ਸ਼ੇਅਰ ਧਾਰਕ ਹੀ ਜਮ੍ਹਾ ਕਰਤਾ ਹਨ। ਇਸ ਲਈ ਲੱਗਭਗ ਹਮੇਸ਼ਾ ਪ੍ਰਮੁੱਖ ਜਮ੍ਹਾ ਕਰਤਾ, ਸ਼ੇਅਰ ਧਾਰਕ ਅਤੇ ਕਰਜ਼ਦਾਰ ਇੱਕੋ ਗਰੁੱਪ ਵ੍ਹਿੰ ਹੁੰਦੇ ਹਨ। ਆਰ ਬੀ ਆਈ ਰਿਪੋਰਟਾਂ ਅਨੁਸਾਰ 1551 ਸ਼ਹਿਰੀ ਕੋਆਪਰੇਟਿਵ ਬੈਂਕ ਅਤੇ 96612 ਦਿਹਾਤੀ ਕੋਆਪਰੇਟਿਵ ਕਰਜ਼ਾ ਯੂਨਿਟਾਂ ਹਨ। ਦੇਸ਼ ਵਿੱਚ ਕੁਲ ਜਮ੍ਹਾ ਰਕਮ ਵਿੱਚ ਸ਼ਹਿਰੀ ਅਤੇ ਦਿਹਾਤੀ ਕੋਆਪਰੇਟਿਵ ਬੈਂਕਾਂ ਦੀ ਜਮ੍ਹਾ ਰਕਮ ਦੀ ਹਿੱਸੇਦਾਰੀ 4-4 ਫੀਸਦੀ ਹੈ।

ਕੋਆਪਰੇਟਿਵ ਬੈਂਕਾਂ ਦੀ 'ਮੌਤ ਦਰ' ਕਾਫੀ ਉਚੀ ਹੈ। ਹਰ ਸਾਲ ਔਸਤਤ ਲੱਗਭਗ 16 ਬੈਂਕ ਦੀਵਾਲੀਆ ਹੋ ਕੇ 'ਮਰ' ਜਾਂਦੇ ਹਨ। ਆਖਰੀ ਡਿੱਗਣ ਵਾਲਾ ਕੋਆਪਰੇਟਿਵ ਬੈਂਕ ਗੁਰਜਾਤ ਵਿੱਚ 'ਮਾਧਵਪੁਰਾ ਮਰਕੈਂਟਾਈਲ ਕੋਆਪ੍ਰੇਟਿਵ ਬੈਂਕ' ਸੀ, ਜਿਸ ਨੇ ਆਪਣੀ 90 ਫੀਸਦੀ ਜਮ੍ਹਾ ਰਕਮ ਦਲਾਲ ਕੇਤਨ ਪਾਰਿਖ ਨੂੰ ਉਧਾਰ ਦੇ ਦਿੱਤੀ ਸੀ, ਜੋ 2001 ਵਿੱਚ ਬਾਜ਼ਾਰ ਦੇ ਡੁੱਬਣ ਤੋਂ ਬਾਅਦ ਕੁਝ ਵੀ ਨਹੀਂ ਮੋੜ ਸਕਿਆ।

ਕੋਈ ਸਬਕ ਕਿਉਂ ਨਹੀਂ ਸਿੱਖੇ ਗਏ? 'ਕਿਉਂਕਿ ਕੋਆਪਰੇਟਿਵ ਬੈਂਕ ਆਮ ਤੌਰ ਉੱਤੇ ਸਥਾਨਕ ਹੁੰਦੇ ਹਨ ਅਤੇ ਉਨ੍ਹਾਂ ਦੇ ਜਮ੍ਹਾ ਕਰਤਾਵਾਂ ਦੀ ਪੀੜ ਸਿਆਸੀ ਸੂਈ ਨੂੰ ਨਹੀਂ ਹਿਲਾਉਂਦੀ ਅਤੇ ਨਾ ਇਹ ਆਰ ਬੀ ਆਈ ਨੂੰ ਇੱਕ ਨੁਕਤੇ ਤੋਂ ਅੱਗੇ ਚਿੰਤਤ ਕਰਦੀ ਹੈ। ਕੇਂਦਰੀ ਬੈਂਕ ਹਮੇਸ਼ਾ ਕੋਆਪਰੇਟਿਵ ਬੈਂਕਾਂ 'ਚ ਗੜਬੜ ਅਤੇ ਦੂਰ-ਦੁਰਾਡੇ ਸਥਾਪਿਤ ਇਨ੍ਹਾਂ ਦੀਆਂ ਛੋਟੀਆਂ ਇਕਾਈਆਂ ਸਟਾਫ ਦੀ ਅਸਮਰੱਥਾ ਨੂੰ ਲੈ ਕੇ ਚਿੰਤਤ ਰਹਿੰਦਾ ਹੈ। ਆਰ ਬੀ ਆਈ ਦੇ ਸਾਬਕਾ ਗਵਰਨਰ ਬਿਮਲ ਜਾਲਾਨ ਦੀ ਇੱਕ ਟਿੱਪਣੀ ਦਰਸਾਉਂਦੀ ਹੈ ਕਿ ਆਰ ਬੀ ਆਈ ਕੋਆਪਰੇਟਿਵ ਬੈਂਕਾਂ ਦੀ ਕਮਾਨ ਸੰਭਾਲਣ ਦਾ ਚਾਹਵਾਨ ਨਹੀਂ ਸੀ ਅਤੇ ਇਨ੍ਹਾਂ ਦੀ ਮੈਨੇਜਮੈਂਟ ਲਈ ਇੱਕ ਅੰਤਰ-ਕੋਆਪਰੇਟਿਵ ਸੰਸਥਾ ਚਾਹੁੰਦਾ ਸੀ, ਪਰ ਆਰ ਬੀ ਆਈ ਵਲੋਂ ਇਸ ਬਾਰੇ ਕੀਤੀ ਬੇਨਤੀ ਨੂੰ ਕੇਂਦਰ ਸਰਕਾਰ ਨੇ ਠੁਕਰਾ ਦਿੱਤਾ ਸੀ।


ਵਾਈ ਬੀ ਰੈਡੀ ਦੇ ਤਹਿਤ ਆਰ ਬੀ ਆਈ ਨੇ ਸੂਬਾ ਸਰਕਾਰਾਂ ਦੇ ਅਧਿਕਾਰੀਆਂ ਅਤੇ ਕੋਆਪਰੇਟਿਵ ਫੈਡਰੇਸ਼ਨਾਂ ਦੇ ਮੈਂਬਰਾਂ 'ਤੇ ਆਧਾਰਿਤ ਇੱਕ ਕਮੇਟੀ ਕਾਇਮ ਕਰਨ ਲਈ ਕਈ ਸੂਬਾ ਸਰਕਾਰਾਂ ਨਾਲ ਸਹਿਮਤੀ ਪੱਤਰਾਂ 'ਤੇ ਦਸਤਖਤ ਕੀਤੇ ਸਨ ਤਾਂ ਕਿ ਸਖਤ ਨਿਯਮ ਬਣਾਏ ਜਾਣ ਅਤੇ ਜੋ ਵਿਹ-ਾਰਕ ਨਹੀਂ ਹਨ, ਉਨ੍ਹਾਂ ਨੂੰ ਖਤਮ ਕੀਤਾ ਜਾਵੇ। ਇਸ ਮਾਮਲੇ ਵਿੱਚ ਪ੍ਰੋਗਰੈਸ ਨਹੀਂ ਹੋਈ ਅਤੇ ਸਮੱਸਿਆ ਨੂੰ ਭੁੱਲਾ ਦਿੱਤਾ ਗਿਆ ਕਿਉਂਕਿ ਇਹ ਵੱਖ-ਵੱਖ ਅਧਿਕਾਰੀਆਂ ਦੇ ਵਿਚਾਲੇ ਹੀ ਲਟਕਦੀ ਰਹਿ ਗਈ ਸੀ।

('ਲਾਈਵਮਿੰਟ' ਤੋਂ ਧੰਨਵਾਦ ਸਹਿਤ)


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224



# ਕੈਦੀ ਭੱਜਾ ਨਹੀਂ, ਉਸ ਨੂੰ ਇੱਕ ਕਾਂਸਟੇਬਲ ਘਰ ਛੱਡਣ ਗਿਆ ਸੀ

### * ਕੋਰਟ ਤੋਂ ਕੈਦੀ ਭੱਜਾ ਦਿਖਾਉਣ ਵਾਲਾ ਸਿਪਾਹੀ ਡਿੱਸਮਿੱਸ

ਲੁਧਿਆਣਾ, 6 ਅਕਤੂਬਰ (ਪੋਸਟ ਬਿਊਰੋ)- ਇਸ ਮਹਾਨਗਰ ਦੀ ਕਚਹਿਰੀ ਵਿੱਚੋਂ ਸ਼ੁੱਕਰਵਾਰ ਫਰਾਰ ਹੋ ਗਏ ਵਿਚਾਰ ਅਧੀਨ ਕੈਦੀ ਦੇ ਬਾਰ ਇੱਕ ਵੱਡਾ ਖੁਲਾਸਾ ਹੋਇਆ ਹੈ। ਗੈਂਗਸਟਰ ਸੁੱਖਾ ਬਾੜੇਵਾਲੀਆ ਦਾ ਇਹ ਸਾਥੀ ਕੈਦੀ ਕਚਹਿਰੀ ਤੋਂ ਨਹੀਂ, ਆਪਣੇ ਘਰੋਂ ਫਰਾਰ ਹੋਇਆ ਸੀ, ਜਿੱਥੇ ਲਾਲਚ ਵਿੱਚ ਆ ਕੇ ਪੁਲਸ ਦਾ ਇੱਕ ਕਾਂਸਟੇਬਲ ਉਸ ਨੂੰ ਖੁਦ ਲੈ ਕੇ ਗਿਆ ਸੀ। ਫਿਰ ਉਹ ਕੈਦੀ ਮਹਿਲਾ ਤੇ ਤਿੰਨ ਸਾਥੀਆਂ ਸਮੇਤ ਪਟਿਆਲਾ ਪਹੁੰਚ ਗਿਆ। ਜਿੱਥੋਂ ਉਨ੍ਹਾਂ ਨੂੰ ਦਿੱਲੀ ਹੁੰਦੇ ਹੋਏ ਬਾਈ ਏਅਰ ਹੈਦਰਾਬਾਦ ਜਾਣਾ ਸੀ, ਪਰ ਸਮੇਂ 'ਤੇ ਪੁਲਸ ਨੇ ਰੇਡ ਕਰ ਕੇ ਚਾਰਾਂ ਨੂੰ ਗ੍ਰਿਫਤਾਰ ਕਰ ਲਿਆ। ਇਸ ਮਾਮਲੇ ਵਿੱਚ ਕੋਤਾਹੀ ਨਿਕਲਣ ਉੱਤੇ ਪੁਲਸ ਕਾਂਸਟੇਬਲ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ।



ਪੁਲਸ ਕਮਿਸ਼ਨਰ ਰਾਕੇਸ਼ ਅਗਰਵਾਲ ਨੇ ਦੱਸਿਆ ਕਿ ਫੜੇ ਗਏ ਦੋਸ਼ੀਆਂ ਦੀ ਪਛਾਣ ਪਿੰਡ ਬਾੜੇਵਾਲ ਅਵਾਣ ਦਾ ਧਰਮਿੰਦਰ ਸਿੰਘ ਉਰਫ ਟਿੰਕੂ, ਟਿੱਬਾ ਦੇ ਸੁਤੰਤਰ ਨਗਰ ਦਾ ਜਸਵੀਰ ਸਿੰਘ ਉਰਫ ਵਿਜੇ ਉਰਫ ਕਾਕਾ, ਉਸ ਦੀ ਪਤਨੀ ਅੰਜੂ ਅਤੇ ਪਿੰਡ ਬਾੜੇਵਾਲ ਅਵਾਣਾ ਦਾ ਦਵਿੰਦਰ ਪਾਲ ਦੇ ਰੂਪ ਵਿੱਚ ਹੋਈ ਹੈ। ਪੁਲਸ ਦੀ ਸੀ ਆਈ ਏ-1 ਟੀਮ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।


ਅਸਲ ਵਿੱਚ ਸ਼ੁੱਕਰਵਾਰ ਸਵੇਰੇ ਹੋਰਾਂ ਕੈਦੀਆਂ ਦੇ ਨਾਲ ਧਰਮਿੰਦਰ ਉਰਫ ਟਿੰਕੂ ਨੂੰ ਅਦਾਲਤ ਵਿੱਚ ਪੇਸ਼ੀ ਉੱਤੇ ਲਿਆਂਦਾ ਗਿਆ। ਏਥੋਂ ਕਾਂਸਟੇਬਲ ਭੁਪਿੰਦਰ ਸਿੰਘ ਉਸ ਨੂੰ ਹਥਕੜੀ ਲਾ ਕੇ ਅਦਾਲਤ ਵਿੱਚ ਪੇਸ਼ ਕਰਨ ਲਈ ਲੈ ਗਿਆ ਤਾਂ ਪੇਸ਼ੀ ਮਗਰੋਂ ਦੁਪਹਿਰ ਇੱਕ ਵਜੇ ਦੋਸ਼ੀ ਨੇ ਭੁਪਿੰਦਰ ਸਿੰਘ ਨੂੰ ਆਪਣੀ ਬੀਮਾਰ ਮਾਂ ਨੂੰ ਮਿਲਣ ਦਾ ਤਰਲਾ ਮਾਰਿਆ। ਪਹਿਲਾਂ ਤੋਂ ਰਚੀ ਸਾਜ਼ਿਸ ਹੇਠ ਉਸ ਨੇ ਜਸਵੀਰ, ਮੰਜੂ ਤੇ ਦਵਿੰਦਰ ਨੂੰ ਕਚਹਿਰੀ ਸੱਦ ਲਿਆ ਸੀ। ਤਿੰਨੇ ਬ੍ਰੀਜਾ ਕਾਰ ਲੈ ਕੇ ਕਚਹਿਰੀ ਪਹੁੰਚ ਗਏ ਅਤੇ ਕਾਰ ਟਿੰਕੂ ਦੇ ਨਾਂਅ 'ਤੇ ਰਜਿਸਟਰਡ ਹੈ। ਕਾਰ ਵਿੱਚ ਬੈਠ ਕੇ ਪੰਜੇ ਜਣੇ ਧਰਮਿੰਦਰ ਦੇ ਬਾੜੇਵਾਲ ਵਾਲੇ ਘਰ ਪਹੁੰਚੇ। ਉਥੇ ਭੁਪਿੰਦਰ ਨੇ ਧਰਮਿੰਦਰ ਦੀ ਹਥਕੜੀ ਖੋਲ੍ਹ ਕੇ ਕਾਰ ਵਿੱਚ ਰੱਖ ਦਿੱਤੀ। ਦੁਪਹਿਰ ਡੇਢ ਵਜੇ ਦੋਸ਼ੀ ਟਿੰਕੂ ਨੇ ਆਪਣੀ ਮਾਂ ਦੀ ਦਵਾ ਲਿਆਉਣ ਦਾ ਬਹਾਨਾ ਬਣਾਇਆ ਅਤੇ ਸਾਥੀਆਂ ਨਾਲ ਉਥੋਂ ਫਰਾਰ ਹੋ ਗਿਆ।

ਇਸ ਦੇ ਬਾਅਦ ਭੁਪਿੰਦਰ ਨੇ ਸ਼ਾਮ ਚਾਰ ਵਜੇ ਕਚਹਿਰੀ ਵਾਪਸ ਆ ਕੇ ਟਿੰਕੂ ਦੇ ਭੱਜ ਜਾਣ ਦਾ ਰੌਲਾ ਪਾਇਆ ਸੀ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਦੋਸ਼ੀਆਂ ਨੇ ਲੁਧਿਆਣੇ ਤੋਂ ਨਿਕਲਣ ਲਈ ਬ੍ਰੀਜਾ ਕਾਰ 'ਤੇ ਫਰਜ਼ੀ ਨੰਬਰ ਪਲੇਟ ਲਵਾਈ ਸੀ। ਪੁਲਸ ਦੀ ਸੀ ਆਈ ਏ ਟੀਮ ਅਤੇ ਐਂਟੀ ਨਾਰਕੋਟਿਕ ਸੈੱਲ ਟੀਮ ਨੇ ਦੋ ਮਹੀਨੇ ਪਹਿਲਾਂ ਸਾਂਝੀ ਕਾਰਵਾਈ ਹੇਠ ਧਰਮਿੰਦਰ ਨੂੰ ਇੱਕ ਕਿਲੋ ਹੈਰੋਇਨ ਤੇ ਸਾਢੇ ਸੱਤ ਲੱਖ ਦੀ ਨਕਦੀ ਨਾਲ ਫੜਿਆ ਸੀ। ਪੁੱਛਗਿੱਛ ਦੇ ਬਾਅਦ ਉਸ ਦੇ ਕਬਜ਼ੇ ਵਿੱਚੋਂ ਦਸ ਦਿਨ ਪਹਿਲਾਂ ਖਰੀਦੀ ਬ੍ਰਾਂਡ ਨਿਊ 17 ਲੱਖ ਕੀਮਤ ਦੀ ਕਾਰ ਵੀ ਮਿਲੀ ਸੀ। ਉਸ ਦੇ ਖਿਲਾਫ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿੱਚ 11 ਕੇਸ ਦਰਜ ਹਨ। ਪੁਲਸ ਸਾਰੇ ਦੋਸ਼ੀਆਂ ਤੋਂ ਸਖਤੀ ਨਾਲ ਪੁੱਛਗਿੱਛ ਕਰ ਰਹੀ ਹੈ।

# ਹਾਈ ਕੋਰਟ ਵਲੋਂ ਧਾਰਮਿਕ ਸਥਾਨਾਂ ਉਤੇ ਬਿਨਾਂ ਪ੍ਰਵਾਨਗੀ ਲਾਊਡ ਸਪੀਕਰ ਲਾਉਣ ਦੀ ਪਾਬੰਦੀ

ਬਠਿੰਡਾ, 6 ਅਕਤੂਬਰ (ਪੋਸਟ ਬਿਊਰੋ)- ਹਾਈ ਕੋਰਟ ਨੇ ਧਾਰਮਿਕ ਸਥਾਨਾਂ 'ਤੇ ਬਿਨਾਂ ਆਗਿਆ ਤੋਂ ਦਿਨ ਸਮੇਂ ਲਾਊਡ ਸਪੀਕਰਾਂ ਦੀ ਵਰਤੋਂ ਕਰਨ ਉੱਤੇ ਪਾਬੰਦੀ ਲਾ ਦਿੱਤੀ ਹੈ।

ਪੰਜ ਵੱਖ-ਵੱਖ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਹਾਈ ਕੋਰਟ ਨੇ ਧਾਰਮਿਕ ਸਥਾਨਾਂ ਨੂੰ ਆਗਿਆ ਦੇਣ ਤੋਂ ਪਹਿਲਾਂ ਇਹ ਹਦਾਇਤ ਵੀ ਕੀਤੀ ਕਿ ਇਹ ਵਾਅਦਾ ਲਿਆ ਜਾਵੇ ਕਿ ਲਾਊਡ ਸਪੀਕਰ ਦੀ ਆਵਾਜ਼ ਦਾ ਪੱਧਰ 10 ਡੈਸੀਬਲ ਤੋਂ ਵੱਧ ਨਹੀਂ ਹੋਣਾ ਚਾਹੀਦਾ ਅਤੇ ਇਹ ਵੀ ਹਦਾਇਤ ਕੀਤੀ ਗਈ ਕਿ ਲਾਊਡ ਸਪੀਕਰ, ਜਨਤਕ ਸੂਚਨਾ ਪ੍ਰਣਾਲੀ, ਸੰਗੀਤ ਦੇ ਸਾਧਨ ਅਤੇ ਸਾਊਂਡ ਐਂਪਲੀਫਾਇਰ ਆਡੀਟੋਰੀਅਮ, ਕਾਨਫਰੰਸ ਰੂਮ, ਕਮਿਊਨਿਟੀ ਹਾਲ, ਬੈਂਕੁਇਟ ਹਾਲ ਆਦਿ 'ਚ ਵੀ




ਰਾਤ ਦੇ ਸਮੇਂ ਨਾ ਚਲਾਏ ਜਾਣ। ਇਸ ਦੇ ਨਾਲ ਇਹ ਆਦੇਸ਼ ਦਿੱਤਾ ਗਿਆ ਹੈ ਕਿ 'ਪਬਲਿਕ ਐਡਰੈਸ ਸਿਸਟਮ' ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਨਾ ਵਰਤੇ ਜਾਣ। ਕੈਲੰਡਰ ਅਨੁਸਾਰ ਪੂਰੇ ਸਾਲ 'ਚ 15 ਦਿਨਾਂ ਤੋਂ ਵੱਧ ਨਾ ਹੋਣ ਵਾਲੇ ਕਿਸੇ ਵੀ ਸੱਭਿਆਚਾਰਕ ਜਾਂ ਧਾਰਮਿਕ ਸਮਾਗਮ ਲਈ ਰਾਤ ਨੂੰ 10 ਵਜੇ ਤੋਂ 12 ਵਜੇ ਤੱਕ ਸਾਊਂਡ ਦੀ ਆਗਿਆ ਮਿਲ ਸਕਦੀ ਹੈ। ਸਾਲਾਨਾ ਇਮਤਿਹਾਨ ਦੌਰਾਨ ਕਿਸੇ ਵੀ ਕਿਸਮ ਦੇ ਲਾਊਡ ਸਪੀਕਰ ਦੀ ਆਗਿਆ ਨਹੀਂ ਹੋਵੇਗੀ। ਸਾਰੇ ਜ਼ਿਲ੍ਹਾ ਪੁਲਸ ਮੁਖੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਐਮਰਜੈਂਸੀ ਨੂੰ ਛੱਡ ਕੇ ਰਿਹਾਇਸ਼ੀ ਇਲਾਕੇ 'ਚ ਰਾਤ ਦੇ 10 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਕੋਈ ਵੀ ਸਾਊਂਡ ਸਿਸਟਮ ਨਾ ਚਲਾਇਆ ਜਾਵੇ। ਰਾਤ 10 ਵਜੇ ਤੋਂ 6 ਵਜੇ ਤੱਕ ਰਿਹਾਇਸ਼ੀ ਇਲਾਕਿਆਂ ਜਾਂ ਸ਼ਾਂਤ ਖੇਤਰਾਂ 'ਚ ਕੋਈ ਆਵਾਜ਼ ਕੱਢਣ ਵਾਲੇ ਜੰਤਰ ਨਹੀਂ ਵਰਤੇ ਜਾ ਸਕਦੇ। ਸਾਰੇ ਰਾਜ ਵਿੱਚ ਪ੍ਰੈਸ਼ਰ ਹਾਰਨਾਂ 'ਤੇ ਵੀ ਰੋਕ ਲਾਈ ਗਈ ਹੈ। ਸਾਰੇ ਜ਼ਿਲ੍ਹਾ ਪੁਲਸ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਆਵਾਜ਼ ਪ੍ਰਦੂਸ਼ਣ ਤੋਂ ਬਚਣ ਲਈ ਮੋਟਰਸਾਈਕਲ ਸਲੰਸਰਾਂ ਵਾਲੇ ਚਾਹੀਦੇ ਹਨ। ਕੋਈ ਵੀ ਵਿਅਕਤੀ ਮੇਲੇ, ਧਾਰਮਿਕ ਸਮਾਗਮ, ਵਿਆਹ ਜਾਂ ਕਿਸੇ ਜਨਤਕ ਸਮਾਗਮ 'ਚ ਹਥਿਆਰ ਨਹੀਂ ਲੈ ਕੇ ਜਾਵੇਗਾ। ਲਾਈਵ ਪ੍ਰੋਗਰਾਮਾਂ 'ਚੇ ਸ਼ਰਾਬ, ਹੋਰ ਨਸ਼ੇ ਤੇ ਹਿੰਸਾ ਦੀ ਵਡਿਆਈ ਕਰਨ ਵਾਲੇ ਗਾਣੇ ਚਲਾਉਣ ਦੀ ਮਨਾਹੀ ਹੈ।

## ਭੱਠਾ ਮਾਲਕਾਂ ਨੂੰ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ

ਚੰਡੀਗੜ੍ਹ, 6 ਅਕਤੂਬਰ (ਪੋਸਟ ਬਿਊਰੋ)- ਸਨਅਤਾਂ ਵੱਲੋਂ ਕੀਤੇ ਜਾਂਦੇ ਪ੍ਰਦੂਸ਼ਣ ਨੂੰ ਘਟਾਉਣ ਅਤੇ ਸੂਬੇ ਦੇ ਵਾਤਾਵਰਣ ਨੂੰ ਬਚਾਉਣ ਲਈ ਪੰਜਾਬ ਸਰਕਾਰ ਦੇ ਯਤਨਾਂ ਨੂੰ ਉਦੋਂ ਹੋਰ ਬਲ ਮਿਲਿਆ, ਜਦੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਰਾਜ ਦੀ ਹਵਾ ਨੂੰ ਪ੍ਰਦੂਸ਼ਿਤ ਕਰਦੇ ਭੱਠਾ ਮਾਲਕਾਂ ਦੀ ਉਸ ਅਰਜ਼ੀ ਨੂੰ ਰੱਦ ਕਰ ਦਿੱਤਾ, ਜਿਸ 'ਚ ਉਨ੍ਹਾਂ ਨੇ ਭੱਠਿਆਂ ਦਾ ਪ੍ਰਦੂਸ਼ਣ ਘਟਾਉਣ ਲਈ ਸਰਕਾਰ ਵੱਲੋਂ ਲਾਜ਼ਮੀ ਕੀਤੀ ਨਵੀਂ ਤਕਨੀਕ ਲਾਉਣ ਤੋਂ ਰਾਹਤ ਮੰਗੀ ਸੀ।

ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਸਰਕਾਰ ਨੇ ਹੁਕਮ ਰਾਹੀਂ ਸਾਰੇ ਭੱਠਾ ਮਾਲਕਾਂ ਨੂੰ 30 ਸਤੰਬਰ ਤੱਕ ਨਵੀਂ ਇੰਡਿਊਸਡ ਡਰਾਫਟ ਤਕਨਾਲੋਜੀ ਅਪਨਾਉਣ ਲਈ ਕਿਹਾ ਸੀ ਅਤੇ ਇਸ ਤੋਂ ਬਾਅਦ ਕਿਸੇ ਵੀ ਭੱਠੇ ਨੂੰ ਰਵਾਇਤੀ ਢੰਗ ਨਾਲ ਚਲਾਉਣ ਦੀ ਆਗਿਆ ਨਹੀਂ ਹੋਵੇਗੀ। ਇਸ ਨਵੀਂ ਇੰਡਿਊਸਡ ਡਰਾਫਟ ਤਕਨਾਲੋਜੀ/ਜ਼ਿਗ ਜ਼ੈਗ ਤਕਨਾਲੋਜੀ ਨੂੰ ਨਾ ਅਪਨਾਉਣ ਵਾਲਿਆਂ ਖਿਲਾਫ ਜੁਰਮਾਨੇ ਦੇ ਹੁਕਮ ਵੀ ਜਾਰੀ ਹੋਏ ਸਨ। ਰਾਜ ਸਰਕਾਰ ਦੇ ਇਨ੍ਹਾਂ ਹੁਕਮਾਂ ਖਿਲਾਫ ਕਈ ਭੱਠਾ ਮਾਲਕਾਂ ਨੇ ਅਦਾਲਤ ਤੱਕ ਪਹੁੰਚ ਕੀਤੀ, ਪਰ ਕੱਲ੍ਹ ਉਨ੍ਹਾਂ ਦੀਆਂ ਪਟੀਸ਼ਨਾਂ ਉਤੇ ਮੁੜ ਸੁਣਵਾਈ ਵੇਲੇ ਕਾਰਜਕਾਰੀ ਚੀਫ ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਐਚ ਐਸ ਸਿੱਧੂ ਦੇ ਡਿਵੀਜ਼ਨ ਬੈਂਚ ਨੇ ਉਕਤ ਭੱਠਾ ਮਾਲਕਾਂ ਨੂੰ ਕਿਸੇ ਕਿਸਮ ਦੀ ਕੋਈ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ।

ਵਰਨਣ ਯੋਗ ਹੈ ਕਿ ਪਹਿਲੀ ਅਕਤੂਬਰ ਨੂੰ ਪਿਛਲੀ ਸੁਣਵਾਈ ਸਮੇਂ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਅਦਾਲਤ ਕੋਲ ਪੰਜਾਬ ਸਰਕਾਰ ਦੇ ਹੁਕਮਾਂ ਅਤੇ ਦਿਸ਼ਾ ਨਿਰਦੇਸ਼ ਪੇਸ਼ ਕਰਦਿਆਂ ਦੱਸਿਆ ਸੀ ਕਿ ਇਹ ਹੁਕਮ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਵੱਖ-ਵੱਖ ਸਮੇਂ ਜਾਰੀ ਕੀਤੇ ਸਰਕੂਲਰਾਂ ਤੋਂ ਇਲਾਵਾ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ 22 ਜਨਵਰੀ 2019 ਨੂੰ ਜਾਰੀ ਕੀਤੇ ਹੁਕਮਾਂ ਅਨੁਸਾਰ ਹਨ।

## ਹਰੀਸ਼ ਖਰੇ ਤੇ ਰਚਨਾ ਖਹਿਰਾ ਵਿਰੁੱਧ ਮਾਣਹਾਨੀ ਮਾਮਲੇ ਦਾ ਕੇਸ ਚੱਲੇਗਾ

ਜਲੰਧਰ, 6 ਅਕਤੂਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਪਾਰਲੀਮੈਂਟ ਮੈਂਬਰ ਨਰੇਸ਼ ਗੁਜਰਾਲ ਵੱਲੋਂ ਦਾਇਰ ਕੀਤੇ ਮਾਣਹਾਨੀ ਕੇਸ ਵਿੱਚ ਇੱਕ ਅਖਬਾਰ ਦੇ ਸਾਬਕਾ ਸੰਪਾਦਕ ਹਰੀਸ਼ ਖਰੇ ਅਤੇ ਪੱਤਰਕਾਰ ਰਚਨਾ ਖਹਿਰਾ ਦੇ ਖਿਲਾਫ ਨਵੀਂ ਦਿੱਲੀ ਦੀ ਮੈਟਰੋਪੋਲਿਟਨ ਕੋਰਟ ਵਿੱਚ ਮੁਕੱਦਮਾ ਚੱਲੇਗਾ। ਇਸ ਦੀ ਸੁਣਵਾਈ ਦੌਰਾਨ ਹਾਲਾਂਕਿ ਦੋਵਾਂ ਨੂੰ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ, ਪਰ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।

ਵਰਨਣ ਯੋਗ ਹੈ ਕਿ ਅਦਾਲਤ ਵਿੱਚ ਮਾਮਲੇ ਦੀ ਸੁਣਵਾਈ ਦੌਰਾਨ ਹਰੀਸ਼ ਖਰੇ ਅਤੇ ਰਚਨਾ ਖਹਿਰਾ ਖੁਦ ਪੇਸ਼ ਹੋਏ, ਜਿੱਥੇ ਜੱਜ ਨੇ ਦੋਵਾਂ ਨੂੰ ਜ਼ਮਾਨਤ ਦੇ ਦਿੱਤੀ। ਜਨਵਰੀ 2016 ਵਿੱਚ ਅੰਗਰੇਜ਼ੀ ਟ੍ਰਿਬਿਊਨ ਨੇ ਬੱਚਿਆਂ ਦੇ ਗੋਦ ਲੈਣ ਦੇ ਸੰਬੰਧ ਵਿੱਚ ਇੱਕ ਰਿਪੋਰਟ ਛਪੀ ਸੀ, ਜਿਸ ਵਿੱਚ ਨਰੇਸ਼ ਗੁਜਰਾਲ ਅਤੇ ਨਾਰੀ ਨਿਕੇਤਨ ਟਰੱਸਟ ਉੱਤੇ ਗੰਭੀਰ ਦੋਸ਼ ਲਾਏ ਗਏ ਸਨ। ਨਰੇਸ਼ ਗੁਜਰਾਲ ਨੇ ਸਾਰੇ ਦੋਸ਼ ਸਿਰੇ ਤੋਂ ਰੱਦ ਕਰਦੇ ਹੋਏ ਇਨ੍ਹਾਂ ਨੂੰ ਸਬੂਤ ਰਹਿਤ ਅਤੇ ਮਨਘੜਤ ਦੱਸ ਕੇ ਅਖਬਾਰ ਦੇ ਸੰਪਾਦਕ ਤੇ ਪੱਤਰਕਾਰ ਦੇ ਖਿਲਾਫ ਦਿੱਲੀ ਦੀ ਅਦਾਲਤ ਵਿੱਚ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਕੱਲ੍ਹ ਸੁਣਵਾਈ ਦੌਰਾਨ ਨਰੇਸ਼ ਗੁਜਰਾਲ ਵੱਲੋਂ ਅਦਾਲਤ ਵਿੱਚ ਨਾਰੀ ਨਿਕੇਤਨ ਟਰੱਸਟ ਅਤੇ ਲਾਏ ਗਏ ਦੋਸ਼ਾਂ ਦੀ ਸਫਾਈ ਵਿੱਚ ਜਿੱਥੇ ਦਸਤਾਵੇਜ਼ ਸਬੂਤ ਪੇਸ਼ ਕੀਤੇ ਗਏ, ਉਥੇ ਪੁਲਸ ਵੱਲੋਂ ਇਸ ਕੇਸ ਵਿੱਚ ਦਿੱਤੇ ਸਪੱਸ਼ਟੀਕਰਨ ਨੂੰ ਵੀ ਅਦਾਲਤ ਦੇ ਪੇਸ਼ ਕੀਤਾ ਗਿਆ ਜਿਸ ਵਿੱਚ ਪੁਲਸ ਨੇ ਰਿਪੋਰਟ ਵਿੱਚ ਛਪੇ ਦੋਸ਼ਾਂ ਨੂੰ ਨਕਾਰਨ ਦੀ ਗੱਲ ਕਹੀ ਹੈ।

# ਬੇਸ਼ੱਕ ਪੰਥ ਵਿੱਚੋਂ ਕੱਢ ਦਿਓ, ਪਰ ਮੇਰੇ ਉੱਤੇ ਝੂਠੇ ਦੋਸ਼ ਨਾ ਲਾਓ: ਢੱਡਰੀਆਂ ਵਾਲੇ

ਸ੍ਰੀ ਮਾਛੀਵਾੜਾ ਸਾਹਿਬ, 6 ਅਕਤੂਬਰ (ਪੋਸਟ ਬਿਊਰੋ)- ਗੁਰਦੁਆਰਾ ਪ੍ਰਮੇਸ਼ਵਰ ਦੁਆਰ ਦੇ ਮੁੱਖ ਸੇਵਾਦਾਰ ਅਤੇ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਕਿਹਾ ਕਿ ਬੇਸ਼ੱਕ ਉਨ੍ਹਾਂ ਨੂੰ ਸਿੱਖ ਪੰਥ 'ਚੋਂ ਕੱਢ ਦਿੱਤਾ ਜਾਵੇ, ਪਰ ਐਵੇਂ ਝੂਠੇ ਦੋਸ਼ ਲਾ ਕੇ ਉਨ੍ਹਾਂ ਬਾਰੇ ਸੰਗਤ ਨੂੰ ਗੁੰਮਰਾਹ ਕਰਨਾ ਗਲਤ ਹੈ।

ਵਰਨਣ ਯੋਗ ਹੈ ਕਿ ਸਿੱਖ ਧਰਮ ਦੇ ਕੁਝ ਪ੍ਰਚਾਰਕਾਂ ਅਤੇ ਜਥੇਬੰਦੀਆਂ ਨੇ ਸ੍ਰੀ ਅਕਾਲ ਤਖਤ ਵਿਖੇ ਪੇਸ਼ ਹੋ ਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਲਿਖਤੀ ਪੱਤਰ ਦਿੱਤਾ ਹੈ ਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਗੁਰੂ ਇਤਿਹਾਸ ਪ੍ਰਤੀ ਸ਼ੰਕੇ ਖੜੇ ਕਰਦੇ ਅਤੇ ਮਾਈ ਭਾਗੋ ਦਾ ਅਕਸ ਵਿਗਾੜਨ ਲਈ ਮਨਘੜਤ ਤੱਥ ਪੇਸ਼ ਕਰਦੇ ਹਨ। ਇਸ ਤੋਂ ਬਾਅਦ ਸੰਤ ਰਣਜੀਤ ਸਿੰਘ ਨੇ ਸੋਸ਼ਲ ਮੀਡੀਆ ਉਤੇ ਇੱਕ ਵੀਡੀਓ ਰਾਹੀਂ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਇਨ੍ਹਾਂ ਦੇ ਹਨ, ਬੇਸ਼ੱਕ ਮੈਨੂੰ ਪੰਥ



ਵਿੱਚੋਂ ਕੱਢ ਦਿਓ, ਪਰ ਜੋ ਮੇਰੇ ਉਪਰ ਝੂਠਾ ਦੋਸ਼ ਲਾਇਆ ਜਾ ਰਿਹਾ ਹੈ, ਉਹ ਗਲਤ ਹੈ। ਉਨ੍ਹਾ ਨੇ ਕਿਹਾ ਕਿ ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਜੋ ਲਿਖਿਆ ਹੋਇਆ ਹੈ, ਉਨ੍ਹਾਂ ਨੇ ਓਹੀ ਸੰਗਤ ਨੂੰ ਦੱਸਿਆ ਹੈ। ਸੰਤ ਢੱਡਰੀਆਂ ਵਾਲੇ ਨੇ ਕਿਹਾ ਕਿ ਉਹ ਆਪਣੇ ਕਹੇ ਹੋਏ ਸ਼ਬਦਾਂ ਉੱਤੇ ਕਾਇਮ ਹਨ ਕਿ ਝੂਠੇ ਦੋਸ਼ ਲਾਉਣ ਵਾਲਿਆਂ ਦੇ ਅੱਗੇ ਕਦੀ ਨਹੀਂ ਝੁਕਣਗੇ। ਉਨ੍ਹਾ ਕਿਹਾ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਦੇ ਹਨ ਅਤੇ ਅੱਗੋਂ ਵੀ ਏਸੇ ਤਰ੍ਹਾਂ ਕਰਦੇ ਰਹਿਣਗੇ, ਬੇਸ਼ੱਕ ਉਨ੍ਹਾਂ ਦਾ ਸਾਰਾ ਕੁਝ ਚਲਾ ਜਾਵੇ।

ਸਿੱਖ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਹੱਕ ਵਿੱਚ ਇਸ ਦੇ ਬਾਅਦ ਵਿਦੇਸ਼ਾਂ ਦੀਆਂ ਕੁਝ ਸਿੱਖ ਜਥੇਬੰਦੀਆਂ ਵੀ ਬੋਲ ਪਈਆਂ ਹਨ। ਕੈਲੀਫੋਰਨੀਆ ਸਥਿਤ ਦਸ਼ਮੇਸ਼ ਦਰਬਾਰ ਆਫ ਲੋਡਾਈ ਐਂਡ ਸਟਾਕਟਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਚਿੱਠੀ ਲਿਖੀ ਗਈ ਅਤੇ ਉਥੋਂ ਦੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਦਲਬੀਰ ਸਿੰਘ ਨੇ ਕਿਹਾ ਕਿ ਗੁਰੂ ਘਰ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਟਿਵਾਣਾ ਤੇ ਸੈਕਟਰੀ ਅਵਤਾਰ ਸਿੰਘ ਰੰਧਾਵਾ ਵੱਲੋਂ ਲਿਖੀ ਚਿੱਠੀ ਵਿੱਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਬੇਨਤੀ ਕੀਤੀ ਗਈ ਹੈ ਕਿ ਸੰਤ ਢੱਡਰੀਆਂ ਬਾਰੇ ਵਿਵਾਦ ਪੈਦਾ ਕਰ ਰਹੇ ਅਸਲ ਵਿੱਚ ਗੁਰਮਤਿ ਵਿਰੋਧੀ ਇਤਿਹਾਸ ਦੇ ਹਾਮੀ ਹਨ। ਦਸ਼ਮੇਸ਼ ਦਰਬਾਰ ਆਫ ਲੋਡਾਈ ਐਂਡ ਸਟਾਕਟਨ ਕੈਲੀਫੋਰਨੀਆ ਦੀ ਸਮੂਹ ਸੰਗਤ ਬੇਨਤੀ ਕਰਦੀ ਹੈ ਕਿ ਦੂਰਅੰਦੇਸ਼ੀ ਫੈਸਲਾ ਲਿਆ ਜਾਵੇ।

## ਕਰਤਾਰਪੁਰ ਲਾਂਘੇ ਕਾਰਨ ਸਰਹੱਦੀ ਪਿੰਡਾਂ ਵਿੱਚ ਜ਼ਮੀਨਾਂ ਦੇ ਭਾਅ ਵਧੇ

ਕਲਾਨੌਰ, 6 ਅਕਤੂਬਰ, (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਸਰਹੱਦ ਉੱਪਰਲੇ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ, ਜਿੱਥੋਂ ਪਿਛਲੇ ਸਮੇਂ ਦੌਰਾਨ ਲੋਕ ਭਾਰਤ-ਪਾਕਿ ਜੰਗ ਤੇ ਹੜ੍ਹਾਂ ਦੀ ਮਾਰ ਕਾਰਨ ਨਿਕਲ ਕੇ ਬਾਹਰਲੇ ਸ਼ਹਿਰਾਂ ਵਿੱਚ ਕਾਰੋਬਾਰ ਕਰਨ ਲੱਗੇ ਸਨ, ਓਸੇ ਡੇਰਾ ਬਾਬਾ ਨਾਨਕ ਵਿਖੇ ਭਾਰਤ ਤੇ ਪਾਕਿਸਤਾਨ ਦੋਵਾਂ ਦੇਸ਼ਾਂ ਵੱਲੋਂ ਖੋਲ੍ਹੇ ਜਾ ਰਹੇ ਲਾਂਘੇ ਦੀ ਉਸਾਰੀ ਦੇ ਕਾਰਜਾਂ ਨੂੰ ਵੇਖਦਿਆਂ ਬਾਹਰਲੇ ਵੱਡੇ-ਵੱਡੇ ਸ਼ਹਿਰਾਂ ਤੋਂ ਲੋਕ ਕਰਤਾਰਪੁਰ ਲਾਂਘੇ ਨੇੜੇ ਰੈਸਟੋਰੈਂਟ ਤੇ ਹੋਟਲ ਬਣਾਉਣ ਲਈ ਕਰੋੜਾਂ ਰੁਪਏ ਖਰਚ ਕਰਨ ਦੇ ਚਾਹਵਾਨ ਹਨ ਤੇ ਕਾਰੀਡੋਰ ਨੇੜੇ ਜ਼ਮੀਨ ਖ਼ਰੀਦਣ ਲਈ ਤਰਲੇ ਮਾਰ ਰਹੇ ਹਨ। ਇਸ ਦੇ ਨਾਲ ਪਿੰਡ ਜੌੜੀਆਂ ਕਲਾਂ, ਪੱਖੋਕੇ, ਟਾਹਲੀ ਸਾਹਿਬ, ਡੇਰਾ ਬਾਬਾ ਨਾਨਕ, ਚੰਦੂ ਨੰਗਲ ਪਿੰਡਾਂ ਦੇ ਕਿਸਾਨਾਂ, ਜਿਨ੍ਹਾਂ ਦੀ ਜ਼ਮੀਨ ਕਾਰੀਡੋਰ ਨਾਲ ਲੱਗਦੀ ਹੈ, ਦੇ ਚਿਹਰਿਆਂ ਉੱਤੇ ਖੁਸ਼ੀ ਝਲਕ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਗੁਰਦਾਸਪੁਰ, ਰਮਦਾਸ, ਡੇਰਾ ਬਾਬਾ ਨਾਨਕ ਹਾਈਵੇ ਉੱਤੇ ਪਿੰਡ ਮਾਨ ਤੋਂ ਸ਼ੁਰੂ ਹੋਏ ਕਰਤਾਰਪੁਰ ਲਾਂਘੇ ਦੇ ਮੋੜ ਉੱਤੇ ਹੋਟਲ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਇਹ ਹੋਟਲ ਬਣਾ ਰਹੇ ਜੋਗਿੰਦਰ ਸਿੰਘ ਤੇ ਬਲਵਿੰਦਰ ਸਿੰਘ ਪਿੰਡ ਜੋੜੀਆਂ ਖੁਰਦ ਨੇ ਦੱਸਿਆ ਕਿ ਉਨ੍ਹਾਂ ਦੀ ਆਪਣੀ ਮਾਲਕੀ ਜ਼ਮੀਨ 10 ਕਨਾਲ ਹੈ, ਜਿਸ ਵਿੱਚੋਂ ਸਾਢੇ ਤਿੰਨ ਕਨਾਲ ਜ਼ਮੀਨ ਕਰਤਾਰਪੁਰ ਲਾਂਘੇ ਵਿੱਚ ਆ ਗਈ ਅਤੇ ਲੈਂਡ ਕੁਲੈਕਟਰ ਨੇ ਉਨ੍ਹਾਂ ਦੀ ਜ਼ਮੀਨ ਦਾ ਮੁੱਲ ਤਿੰਨ ਗੁਣਾ ਵੱਧ ਦੇ ਕੇ ਪ੍ਰਤੀ ਏਕੜ 38 ਲੱਖ ਰੁਪਏ ਦੇ ਹਿਸਾਬ ਨਾਲ ਪੈਸਾ ਦਿੱਤਾ ਹੈ। ਪਿੰਡ ਚੰਦੂਨੰਗਲ ਦੇ ਕਿਸਾਨ ਆਗੂ ਸੂਬਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਜ਼ਮੀਨ ਪੌਣੇ ਦੋ ਲੱਖ ਰੁਪਏ ਮਰਲੇ ਦੇ ਹਿਸਾਬ ਨਾਲ ਵੇਚੀ ਹੈ। ਉਸ ਨੇ ਦੱਸਿਆ ਕਿ ਜ਼ਮੀਨ ਦਾ ਭਾਅ ਵਧਣ ਕਾਰਨ ਸਾਰੇ ਲੋਕ ਹੀ ਖ਼ੁਸ਼ ਹਨ।

## ਨਹਿਰ 'ਚ ਡਿਗੀ ਕਾਰ ਕੁਦਰਤੀ ਹਾਦਸਾ ਨਹੀਂ, ਸਾਜਿਸ਼ ਹੇਠ ਸੱਤ ਜਣਿਆਂ ਨੂੰ ਮਾਰਿਆ ਸੀ

ਫਾਜ਼ਿਲਕਾ, 6 ਅਕਤੂਬਰ (ਪੋਸਟ ਬਿਊਰੋ)- ਏਥੋਂ ਦੀ ਪੁਲਸ ਨੇ ਆਪਣੇ ਪਰਵਾਰਕ ਮੈਂਬਰਾਂ ਨਾਲ ਰੰਜ ਕਾਰਨ ਕਾਰ ਨੂੰ ਨਹਿਰ ਵਿੱਚ ਸੁੱਟਣ ਵਾਲੇ ਚਾਲਕ ਨੂੰ ਗ੍ਰਿਫਤਾਰ ਕਰ ਲਿਆਹੈ।

ਡੀ ਐਸ ਪੀ ਫਾਜ਼ਿਲਕਾ ਜਗਦੀਸ਼ ਕੁਮਾਰ ਨੇ ਦੱਸਿਆ ਕਿ 26 ਸਤੰਬਰ ਨੂੰ ਨੇੜਲੇ ਪਿੰਡ ਅਮਰਪੁਰਾ ਤੋਂ ਸੈਂਟਰੋ ਕਾਰ ਵਿੱਚ ਇੱਕ ਪਰਵਾਰ, ਜਿਸ ਵਿੱਚ ਸੁਰਿੰਦਰ ਸਿੰਘ ਪੁੱਤਰ ਰਾਜਿੰਦਰ ਸਿੰਘ, ਉਸ ਦੀ ਪਤਨੀ ਕੁਲਵਿੰਦਰ ਕੌਰ, ਤਿੰਨ ਬੱਚੇ ਸੀਮਾ ਰਾਣੀ, ਸੋਨਾ ਰਾਣੀ ਅਤੇ ਲੜਕਾ ਸਾਜਨ, ਇਨ੍ਹਾਂ ਦੀ ਮਾਤਾ ਸਵਰਨ ਕੌਰ, ਸੁਰਿੰਦਰ ਸਿੰਘ ਦਾ ਭਰਾ ਬਲਵਿੰਦਰ ਸਿੰਘ ਤੇ ਉਸ ਦਾ ਅਪਾਹਜ ਲੜਕਾ ਲਖਵਿੰਦਰ ਸਿੰਘ ਪਿੰਡ ਅਚਾੜਿੱਕੀ ਜਾ ਰਹੇ ਸਨ। ਬਲਵਿੰਦਰ ਸਿੰਘ ਕਾਰ ਚਲਾ ਰਿਹਾ ਸੀ। ਪਿੰਡ ਜੰਡਵਾਲਾ ਮੀਰਾ ਸਾਂਗਲ ਕੋਲ ਕਾਰ ਨਹਿਰ ਵਿੱਚ ਡਿਗ ਗਈ ਤੇ ਬਲਵਿੰਦਰ ਸਿੰਘ ਕਾਰ 'ਚੋਂ ਜਿੰਦਾ ਨਿਕਲ ਆਇਆ ਸੀ, ਜਦੋਂ ਕਿ ਬਾਕੀਆਂ ਦੀ ਡੁੱਬਣ ਦੇ ਨਾਲ ਮੌਤ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਐਸ ਐਸ ਪੀ ਫਾਜ਼ਿਲਕਾ ਭੁਪਿੰਦਰ ਸਿੰਘ ਨੂੰ ਕਾਰ ਨਹਿਰ ਵਿੱਚ ਡਿਗਣ ਬਾਰੇ ਕੁਝ ਸ਼ੱਕ ਹੋਇਆ। ਉਨ੍ਹਾਂ ਦੱਸਿਆ ਕਿ ਬਲਵਿੰਦਰ ਸਿੰਘ ਦੇ ਬਿਆਨਾਂ ਉੱਤੇ ਉਸ ਸਮੇਂ ਕਾਰਵਾਈ ਕੀਤੀ ਗਈ, ਪਰ ਐਸ ਐਸ ਪੀ ਭੁਪਿੰਦਰ ਸਿੰਘ ਨੇ ਇਸ ਦੀ ਜਾਂਚ ਲਈ ਕਮੇਟੀ ਦਾ ਗਠਨ ਕੀਤਾ ਸੀ, ਜਿਸ ਵਿੱਚ ਡੀ ਐਸ ਪੀ ਜਗਦੀਸ਼ ਕੁਮਾਰ ਅਤੇ ਹੋਰ ਪੁਲਸ ਅਫਸਰ ਸਨ। ਉਨ੍ਹਾਂ ਦੱਸਿਆ ਕਿ ਸਾਰੇ ਮਾਮਲੇ ਦੀ ਬਰੀਕੀ ਨਾਲ ਜਾਂਚ ਤੋਂ ਪਤਾ ਲੱਗਾ ਕਿ ਇਹ ਕਾਰ ਅਚਾਨਕ ਸਟੇਅਰਿੰਗ ਜਾਮ ਹੋਣ ਕਾਰਨ ਨਹਿਰ ਵਿੱਚ ਨਹੀਂ ਡਿਗੀ, ਸਗੋਂ ਇਸ ਨੂੰ ਬਲਵਿੰਦਰ ਸਿੰਘ ਨੇ ਗਿਣੀ ਮਿਥੀ ਸਾਜ਼ਿਸ਼ ਹੇਠ ਨਹਿਰ ਵਿੱਚ ਸੁੱਟਿਆ ਹੈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਬਲਵਿੰਦਰ ਸਿੰਘ ਤੋਂ ਪੁੱਛਿਆ ਤਾਂ ਉਸ ਨੇ ਸਚਾਈ ਉਗਲ ਦਿੱਤੀ ਕਿ ਉਸ ਦਾ ਭਰਾ ਅਤੇ ਭਰਜਾਈ ਉਸ ਦੀ ਕੁੱਟਮਾਰ ਕਰਦੇ ਸਨ। ਉਨ੍ਹਾਂ ਤੋਂ ਬਦਲਾ ਲੈਣਾ ਲਈ ਉਸ ਨੇ ਕਾਰ ਨਹਿਰ 'ਚ ਸੁੱਟੀ ਸੀ। ਐਸ ਐਸ ਪੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਸਾਰੀ ਜਾਂਚ ਤੋਂ ਬਾਅਦ ਮ੍ਰਿਤਕਾ ਕੁਲਵਿੰਦਰ ਕੌਰ ਦੇ ਪਿਤਾ ਹਰਬੰਸ ਸਿੰਘ ਪੁੱਤਰ ਸੂਰਤਾ ਸਿੰਘ ਪਿੰਡ ਪੱਕਾ ਚਿਸ਼ਤੀ ਦੇ ਬਿਆਨਾਂ ਉਤੇ ਕਾਰ ਚਾਲਕ ਬਲਵਿੰਦਰ ਸਿੰਘ ਖਿਲਾਫ ਧਾਰਾ 302 ਦਾ ਕੇਸ ਦਰਜ ਕਰ ਲਿਆ ਹੈ।

# ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਤਿੰਨ ਅਧਿਕਾਰੀਆਂ ਖਿਲਾਫ ਚਾਰਜਸ਼ੀਟ

ਫਰੀਦਕੋਟ, 6 ਅਕਤੂਬਰ (ਪੋਸਟ ਬਿਊਰੋ)- ਸਥਾਨਕ ਸਿਵਲ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਨੇ ਸਾਬਕਾ ਜ਼ਿਲ੍ਹਾ ਟਰਾਂਸਪੋਰਟ ਅਫਸਰ-ਕਮ-ਐੱਸ ਡੀ ਐੱਮ ਨਛੱਤਰ ਸਿੰਘ ਬਰਾੜ ਸਣੇ ਤਿੰਨ ਅਫਸਰਾਂ ਦੇ ਖਿਲਾਫ ਭ੍ਰਿਸ਼ਟਾਚਾਰ ਅਤੇ ਫਰਾਡ ਦੇ ਦੋਸ਼ ਤੈਅ ਕੀਤੇ ਹਨ। ਅਦਾਲਤ ਨੇ ਵਿਜੀਲੈਂਸ ਵਿਭਾਗ ਨੂੰ ਆਦੇਸ਼ ਦਿੱਤੇ ਹਨ ਕਿ ਉਹ ਇਨ੍ਹਾਂ ਅਧਿਕਾਰੀਆਂ ਦੇ ਖਿਲਾਫ ਦੋਸ਼ ਸਾਬਤ ਕਰਨ ਲਈ 18 ਅਕਤੂਬਰ ਨੂੰ ਅਦਾਲਤ ਸਾਹਮਣੇ ਗਵਾਹ ਪੇਸ਼ ਕਰਨ।

ਵਰਨਣ ਯੋਗ ਹੈ ਕਿ ਵਿਜੀਲੈਂਸ ਵਿਭਾਗ ਨੇ ਜਾਂਚ ਤੋਂ ਬਾਅਦ ਇੱਕ ਜਨਵਰੀ 2015 ਨੂੰ ਉਸ ਵਕਤ ਦੇ ਐੱਸ ਡੀ ਐੱਮ-ਕਮ ਜ਼ਿਲਾ ਟਰਾਂਸਪੋਰਟ ਅਫਸਰ ਨਛੱਤਰ ਸਿੰਘ ਬਰਾੜ, ਸੈਕਸ਼ਨ ਅਫਸਰ ਮਿਹਰ ਸਿੰਘ ਅਤੇ ਰਜਿਸਟਰੇਸ਼ਨ ਕਲਰਕ ਅਮਰਜੀਤ




ਸਿੰਘ ਦੇ ਖਿਲਾਫ ਕੇਸ ਦਰਜ ਕੀਤਾ ਸੀ। ਵਿਜੀਲੈਂਸ ਨੇ ਇਸ ਰਿਪੋਰਟ ਵਿੱਚ ਦੋਸ਼ ਲਾਇਆ ਸੀ ਕਿ ਇਨ੍ਹਾਂ ਅਧਿਕਾਰੀਆਂ ਨੇ ਫਰੀਦਕੋਟ ਦੇ ਕੁਝ ਨਿੱਜੀ ਏਜੰਟਾਂ ਨਾਲ ਮਿਲ ਕੇ ਬਾਹਰਲੇ ਸੂਬਿਆਂ ਤੋਂ ਗੈਰ ਕਾਨੂੰਨੀ ਢੰਗ ਨਾਲ ਖਰੀਦੀਆਂ ਗੱਡੀਆਂ ਦੇ ਨੰਬਰ ਇਥੇ ਤਬਦੀਲ ਕੀਤੇ ਸਨ। ਵਿਜੀਲੈਂਸ ਨੇ ਡੀ ਟੀ ਓ ਦਫਤਰ ਦਾ ਰਿਕਾਰਡ ਕਬਜ਼ੇ ਵਿੱਚ ਲੈਣ ਪਿੱਛੋਂ ਦਾਅਵਾ ਕੀਤਾ ਸੀ ਕਿ ਕਰੀਬ 20 ਹਜ਼ਾਰ ਵਾਹਨਾਂ ਨੂੰ ਨਿਯਮਾਂ ਦੀ ਉਲੰਘਣਾ ਅਤੇ ਟੈਕਸ ਚੋਰੀ ਕਰਨ ਨਾਲ ਰਜਿਸਟਰੇਸ਼ਨ ਨੰਬਰ ਲਾਏ ਗਏ ਸਨ ਅਤੇ ਟੈਕਸਾਂ ਦੀ ਉਗਰਾਹੀ ਦੇ ਨਾਲ ਫੈਂਸੀ ਨੰਬਰਾਂ ਦੀ ਨਿਲਾਮੀ ਮੌਕੇ ਧਾਂਦਲੀਆਂ ਹੋਈਆਂ ਸਨ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਘਾਟਾ ਪਿਆ ਸੀ। ਮਈ 2017 ਵਿੱਚ ਵਿਜੀਲੈਂਸ ਵਿਭਾਗ ਨੇ ਇਸ ਕੇਸ ਵਿੱਚ ਦੋਸ਼ ਪੱਤਰ ਅਦਾਲਤ 'ਚ ਪੇਸ਼ ਕੀਤੇ ਸਨ। ਇਹ ਦੋਸ਼ ਪੱਤਰ ਪੇਸ਼ ਹੋਣ ਤੋਂ ਬਾਅਦ ਉਕਤ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਖਿਲਾਫ ਨਿੱਜੀ ਰੰਜਿਸ਼ ਹੇਠ ਝੂਠਾ ਕੇਸ ਦਰਜ ਕੀਤਾ ਗਿਆ ਹੈ। ਅਦਾਲਤ ਨੇ ਲੰਬੀ ਸੁਣਵਾਈ ਪਿੱਛੋਂ ਅਧਿਕਾਰੀਆਂ ਖਿਲਾਫ ਦੋਸ਼ ਆਦਿ ਕਰਨ ਦਾ ਹੁਕਮ ਦਿੱਤਾ ਹੈ।

### ਅਕਾਲੀ-ਭਾਜਪਾ ਸੰਬੰਧ

# ਸੁਖਬੀਰ ਬਾਦਲ ਦੇ ਯੂ-ਟਰਨ ਮਗਰੋਂ ਅਕਾਲੀ ਵਰਕਰ ਦੋਚਿੱਤੀ ਵਿੱਚ

ਚੰਡੀਗੜ੍ਹ, 6 ਅਕਤੂਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਨੇ ਹਰਿਆਣਾ ਦੀਆਂ ਚੋਣਾਂ ਦੀ ਨਰਾਜ਼ਗੀ ਭੁਲਾ ਕੇ ਪੰਜਾਬ ਵਿੱਚ ਹੋ ਰਹੀਆਂ ਚਾਰ ਉੱਪ ਚੋਣਾਂ ਮਿਲ ਕੇ ਲੜਨ ਦਾ ਐਲਾਨ ਕਰ ਲਿਆ ਹੈ, ਪਰ ਦੋਵਾਂ ਪਾਰਟੀਆਂ ਦੇ ਵਰਕਰ ਦੋਚਿੱਤੀ ਵਿੱਚ ਹਨ। ਹੇਠਲੇ ਪੱਧਰ ਦੇ ਵਰਕਰਾਂ ਨੂੰ ਸਮਝ ਨਹੀਂ ਆਈ ਕਿ ਇੱਕ-ਦੂਜੇ ਦੇ ਖਿਲਾਫ ਇੰਨੀ ਤਿੱਖੀ ਬਿਆਨਬਾਜ਼ੀ ਕਰਨ ਦੇ ਬਾਅਦ ਫਿਰ ਇਕੱਠੇ ਕਿਵੇਂ ਚੱਲਿਆ ਜਾ ਸਕਦਾ ਹੈ।

ਵਰਨਣ ਯੋਗ ਹੈ ਕਿ ਗੱਠਜੋੜ ਦੀਆਂ ਭਾਈਵਾਲ ਦੋਵੇਂ ਪਾਰਟੀਆਂ ਅਕਾਲੀ ਦਲ ਤੇ ਭਾਜਪਾ ਦੇ ਸੀਨੀਅਰ ਲੀਡਰਾਂ ਨੇ ਫੈਸਲਾ ਕੀਤਾ ਹੈ ਕਿ ਉੱਪ ਚੋਣਾਂ



ਦੌਰਾਨ ਇੱਕ-ਦੂਜੇ ਵਿਰੁੱਧ ਬੇਲੋੜੀ ਬਿਆਨਬਾਜ਼ੀ ਨਾ ਕੀਤੀ ਜਾਵੇ, ਕਿਉਂਕਿ ਇਸ ਦਾ ਆਮ ਵੋਟਰਾਂ ਉੱਤੇ ਮਾੜਾ ਅਸਰ ਪੈਂਦਾ ਹੈ। ਹਰਿਆਣਾ ਵਿੱਚ ਗੱਠਜੋੜ ਨਾ ਹੋ ਸਕਣ ਕਰ ਕੇ ਦੋਵਾਂ ਪਾਰਟੀਆਂ ਦਾ ਤਣਾਅ ਵਧ ਚੁੱਕਾ ਹੈ। ਇਸ ਕਰ ਕੇ ਫਗਵਾੜਾ ਤੇ ਮੁਕੇਰੀਆਂ ਵਿਧਾਨ ਸਭਾ ਹਲਕਿਆਂ ਵਿੱਚ ਭਾਜਪਾ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਤੋਂ ਅਕਾਲੀ ਵਰਕਰ ਝਿਜਕ ਰਹੇ ਹਨ। ਭਾਜਪਾ ਲੀਡਰਸ਼ਿਪ ਇਸ ਕਾਰਨ ਕਾਫੀ ਫਿਕਰਮੰਦ ਸੀ। ਸ਼ਨੀਵਾਰ ਨੂੰ ਦੋਵਾਂ ਪਾਰਟੀਆਂ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਫਗਵਾੜਾ ਤੇ ਮੁਕੇਰੀਆਂ ਵਿਧਾਨ ਸਭਾ ਹਲਕਿਆਂ ਵਿੱਚ ਜਿੱਥੇ ਭਾਜਪਾ ਆਗੂ ਅਕਾਲੀ ਵਰਕਰਾਂ ਦੀ ਡਿਊਟੀਆਂ ਲਾਉਣ ਨੂੰ ਕਹਿਣਗੇ, ਓਥੇ ਅਕਾਲੀ ਵਰਕਰ ਲਾਏ ਜਾਣਗੇ। ਇਸ ਮੀਟਿੰਗ ਪਿੱਛੋਂ ਭਾਵੇਂ ਸੀਨੀਅਰ ਲੀਡਰ ਇੱਕ-ਦੂਸਰੇ ਦੇ ਖਿਲਾਫ ਭੜਾਸ ਕੱਢਣ ਤੋਂ ਹਟ ਗਏ ਹਨ, ਪਰ ਆਮ ਵਰਕਰ ਅਜੇ ਦੋਚਿੱਤੀ ਵਿੱਚ ਹਨ। ਹਰਿਆਣਾ ਵਿੱਚ ਦੋਵੇਂ ਧਿਰਾਂ ਇੱਕ-ਦੂਜੇ ਵਿਰੁੱਧ ਚੋਣਾਂ ਲੜਦੀਆਂ ਹੋਣ ਕਰ ਕੇ ਇਸ ਦਾ ਅਸਰ ਪੰਜਾਬ ਦੇ ਗੱਠਜੋੜ ਉੱਤੇ ਪੈ ਰਿਹਾ ਸੀ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date

Residential | Commercial | Investment

Century 21 President Realty Inc Brokerage

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Jagdish Grewal
Sales Representative

(416) 970-5005

Office: 905-488-2100 Ext. 348





# ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਦੀ ਮੰਗ ਸੁਪਰੀਮ ਕੋਰਟ ਵੱਲੋਂ ਰੱਦ



ਨਵੀਂ ਦਿੱਲੀ, 6 ਅਕਤੂਬਰ, (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਦੇ ਤੁਗਲਕਾਬਾਦ ਵਿੱਚ ਢਾਹੇ ਗਏ ਸ੍ਰੀ ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਦੀ ਮਨਜ਼ੂਰੀ ਅੱਜ ਸੁਪਰੀਮ ਕੋਰਟ ਨੇ ਨਹੀਂ ਦਿੱਤੀ। ਕੋਰਟ ਨੇ ਪਟੀਸ਼ਨਰਜ਼ ਹਰਿਆਣਾ ਕਾਂਗਰਸ ਦੇ ਸਾਬਕਾ ਪ੍ਰਧਾਨ ਅਸ਼ੋਕ ਤੰਵਰ, ਸਾਬਕਾ ਕੇਂਦਰੀ ਮੰਤਰੀ ਪ੍ਰਦੀਪ ਜੈਨ ਤੇ ਕਾਂਗਰਸ ਨੇਤਾ ਰਾਜੇਸ਼ ਲਿਲੋਠੀਆ ਨੂੰ ਸਲਾਹ ਦਿੱਤੀ ਕਿ ਉਹ ਅਟਾਰਨੀ ਜਨਰਲ ਕੇ ਕੇ ਵੇਨੂੰਗੋਪਾਲ ਨਾਲ ਮਿਲ ਕੇ ਰਾਏ ਕਰਨ ਅਤੇ ਜੇ ਕਿਸੇ ਬਦਲਵੇਂ ਸਥਾਨ ਦੇ ਬਾਰੇ ਸਹਿਮਤੀ ਬਣਦੀ ਹੈ ਤਾਂ ਉਸ ਬਾਰੇ ਤਜਵੀਜ਼ ਲੈ ਕੇ ਉਨ੍ਹਾਂ ਕੋਲ ਆ ਜਾਣ।

ਜਸਟਿਸ ਅਰੁਣ ਕੁਮਾਰ ਮਿਸ਼ਰਾ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਪਹਿਲਾਂ ਵਾਲੇ ਸਥਾਨ ਉੱਤੇ ਮੰਦਰ ਬਣਾਉਣ ਦਾ ਆਦੇਸ਼ ਦੇਣ ਤੋਂ ਇਨਕਾਰ ਕਰ ਕੇ ਕਿਹਾ, 'ਅਸੀਂ ਇਹ ਮੁੜ ਸਥਾਪਤ ਕਰਨ ਦਾ ਆਦੇਸ਼ ਨਹੀਂ ਦੇ ਸਕਦੇ, ਕਿਉਂਕਿ ਇਹ ਮੁੱਦਾ ਖਤਮ ਹੋ ਚੁੱਕਾ ਹੈ।' ਅਦਾਲਤ ਨੇ ਕਿਹਾ ਕਿ ਸੰਭਾਵਤ ਬਦਲਵੇਂ ਸਥਾਨ ਦੀ ਪਛਾਣ ਕਰ ਕੇ ਅਦਾਲਤ ਨੂੰ ਇਸ ਬਾਰੇ ਦੱਸਿਆ ਜਾਵੇ। ਜਸਟਿਸ ਮਿਸ਼ਰਾ ਨੇ ਕਿਹਾ, 'ਸਾਨੂੰ ਬਦਲਵੇਂ ਸਥਾਨ ਉੱਤੇ ਵਿਚਾਰ ਕਰ ਕੇ ਦੱਸੋ, ਫਿਰ ਦੇਖਦੇ ਹਾਂ, ਅਸੀਂ ਕਰ ਸਕਦੇ ਹਾਂ।' ਉਨ੍ਹਾਂ ਕਿਹਾ ਕਿ ਕੋਰਟ ਇਸ ਧਰਤੀ ਦੇ ਹਰ ਵਿਅਕਤੀ ਦੀਆਂ ਭਾਵਨਾਵਾਂ ਨੂੰ ਸਨਮਾਨ ਕਰਦੀ ਹੈ, ਪਰ ਓਥੇ ਮੰਦਰ ਮੁੜ ਕੇ ਨਹੀਂ ਬਣ ਸਕਦਾ।' ਇਸ ਕੇਸ ਦੀ ਅਗਲੀ ਤਾਰੀਕ 18 ਅਕਤੂਬਰ ਤੈਅ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਪਟੀਸ਼ਨ ਕਰਤਾਵਾਂ ਨੇ ਮੰਦਰ ਦੀ ਮੁੜ ਉਸਾਰੀ ਦੀ ਮੰਗ ਕਰਦੀਆਂ ਪਟੀਸ਼ਨਾਂ ਵਿੱਚ ਕਿਹਾ ਸੀ ਕਿ ਪੂਜਾ ਦਾ ਅਧਿਕਾਰ ਸੰਵਿਧਾਨਕ ਅਧਿਕਾਰ ਹੈ, ਇਸ ਲਈ ਮੰਦਰ ਦੀ ਮੁੜ ਉਸਾਰੀ ਕਰਾਉਣ ਤੇ ਮੂਰਤੀ ਦੋਬਾਰਾ ਸਥਾਪਤ ਕਰਨ ਦਾ ਹੁਕਮ ਦਿੱਤਾ ਜਾਵੇ। ਪਟੀਸ਼ਨ ਵਿੱਚ ਦੱਸਿਆ ਗਿਆ ਸੀ ਕਿ ਮੰਦਰ 600 ਸਾਲ ਤੋਂ ਵੱਧ ਪੁਰਾਣਾ ਹੈ, ਇਸ ਲਈ ਇਸ ਉੱਤੇ ਨਵੇਂ ਕਾਨੂੰਨ ਲਾਗੂ ਨਹੀਂ ਹੁੰਦੇ। ਪਟੀਸ਼ਨ ਵਿੱਚ ਪੂਜਾ ਦੇ ਅਧਿਕਾਰ ਅਤੇ ਧਾਰਾ 21ਏ ਦਾ ਹਵਾਲਾ ਦਿੱਤਾ ਅਤੇ ਕਿਹਾ ਗਿਆ ਕਿ ਸੁਪਰੀਮ ਕੋਰਟ ਨੇ ਕਦੇ ਮੰਦਰ ਤੋੜਨ ਦਾ ਆਦੇਸ਼ ਨਹੀਂ ਦਿੱਤਾ, ਉਸ ਨੂੰ ਸ਼ਿਫਟ ਕਰਨ ਦੀ ਗੱਲ ਕਹੀ ਸੀ ਤੇ ਜਿਵੇਂ ਮੰਦਰ ਨੂੰ ਤੋੜਿਆ ਗਿਆ, ਉਹ ਵੱਡੀ ਸਾਜਿਸ਼ ਦਾ ਹਿੱਸਾ ਸੀ।

ਅਸਲ ਵਿੱਚ ਸੁਪਰੀਮ ਕੋਰਟ ਦੇ ਆਦੇਸ਼ ਉੱਤੇ ਦਿੱਲੀ ਡਿਵੈਲਪਮੈਂਟ ਅਥਾਰਟੀ (ਡੀ ਡੀ ਏ) ਨੇ 10 ਅਗਸਤ ਨੂੰ ਗੁਰੂ ਰਵਿਦਾਸ ਮੰਦਰ ਢਾਹ ਦਿੱਤਾ ਸੀ। ਇਸ ਨਾਲ ਇਸ ਭਾਈਚਾਰੇ ਨੇ ਕੋਹਰਾਮ ਮਚਾ ਦਿੱਤਾ ਤਾਂ ਪੁਲਸ ਨੇ 96 ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ। ਓਦੋਂ ਪੁਲਸ ਦੀ ਕਾਰਵਾਈ ਤੋਂ ਬਾਅਦ ਕੇਂਦਰ ਸਰਕਾਰ ਦੀ ਬਹੁਤ ਆਲੋਚਨਾ ਹੋਈ ਸੀ।

## ਪੀ ਐੱਮ ਸੀ ਬੈਂਕ ਮਾਮਲਾ

# ਬੋਰਡ ਦੇ 8 ਸਿੱਖ ਮੈਂਬਰਾਂ ਉੱਤੇ ਸਿੱਖ ਸੰਸਥਾਵਾਂ ਵੱਲੋਂ ਪਾਬੰਦੀਆਂ ਲਾਗੂ

*** ਕਿਸੇ ਵੀ ਸਿੱਖ ਅਦਾਰੇ ਦੇ ਮੈਂਬਰ ਬਣਨੋਂ ਰੋਕ ਦਿੱਤਾ ਗਿਆ**



ਮੁੰਬਈ, 6 ਅਕਤੂਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸਿੱਖ ਭਾਈਚਾਰੇ ਦੀ ਸਭ ਤੋਂ ਵੱਡੀ ਸੰਸਥਾ ਮੰਨੀ ਜਾਂਦੀ ਸ੍ਰੀ ਗੁਰੂ ਸਿੰਘ ਸਭਾ ਦਾਦਰ ਨੇ ਪੰਜਾਬ ਐਂਡ ਮਹਾਰਾਸ਼ਟਰ ਕੋਆਪਰੇਟਿਵ (ਪੀ ਐੱਮ ਸੀ) ਬੈਂਕ ਨਾਲ ਸੰਬੰਧਤ ਇੱਕ ਵੱਡਾ ਫੈਸਲਾ ਲੈਂਦੇ ਹੋਏ ਕਿਹਾ ਹੈ ਕਿ ਉਹ ਇਸ ਬੈਂਕ ਨੂੰ ਫਿਰ ਜੀਵਤ ਕਰਨ ਦੀ ਕੋਸ਼ਿਸ਼ ਕਰਨਗੇ।

ਇਸ ਮੌਕੇ ਅੱਜ ਦੀ ਮੀਟਿੰਗ ਵਿੱਚ ਸਿੱਖ ਭਾਈਚਾਰੇ ਵਲੋਂ ਪੀ ਐੱਮ ਸੀ ਬੈਂਕ ਦੇ ਬੋਰਡ ਵਿਚਲੇ 8 ਸਿੱਖ ਮੈਂਬਰਾਂ ਖ਼ਿਲਾਫ਼ ਪਾਬੰਦੀ ਲਾਗੂ ਕਰਦਿਆਂ ਉਨ੍ਹਾਂ ਦੀ ਮੁੰਬਈ ਤੇ ਨਵੀ ਮੁੰਬਈ ਦੇ ਸਮੁੱਚੇ ਗੁਰਦੁਆਰਿਆਂ ਤੇ ਸੰਸਥਾਵਾਂ ਦੀ ਮੈਂਬਰੀ ਖ਼ਤਮ ਕਰ ਦਿੱਤੀ ਗਈ ਤੇ ਫੈਸਲਾ ਕੀਤਾ ਗਿਆ ਕਿ ਬੈਂਕ ਨਾਲ ਜੁੜੇ ਸਿੱਖ ਸਮਾਜ ਦੇ ਖਾਤਾ ਧਾਰਕਾਂ ਨੂੰ ਨਿੱਜੀ ਤੌਰ ਉੱਤੇ ਕੁਝ ਮਹੀਨੇ ਤੱਕ ਪੈਸਾ ਨਾ ਕੱਢਣ ਨੂੰ ਕਿਹਾ ਜਾਵੇਗਾ। ਸ੍ਰੀ ਗੁਰੂ ਸਿੰਘ ਸਭਾ ਦਾਦਰ ਦੇ ਪ੍ਰਧਾਨ ਰਘਬੀਰ ਸਿੰਘ ਗਿੱਲ ਦਾ ਇਹ ਬਿਆਨ ਬੈਂਕ ਪ੍ਰਬੰਧਕਾਂ ਨਾਲ ਮੁਲਾਕਾਤ ਤੋਂ ਬਾਅਦ ਆਇਆ ਹੈ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਸਿਓਨ ਵਿਖੇ ਸਿੱਖ ਭਾਈਚਾਰੇ ਦੀ ਇੱਕ ਅਹਿਮ ਬੈਠਕ ਦੌਰਾਨ ਪੰਜਾਬ ਐਂਡ ਮਹਾਰਾਸ਼ਟਰ ਕੋਆਪਰੇਟਿਵ (ਪੀ ਐੱਮ ਸੀ) ਬੈਂਕ ਦੀ ਬਰਬਾਦੀ ਦੇ ਜ਼ਿੰਮੇਵਾਰ ਲੋਕਾਂ ਵਿਚਲੇ ਅੱਠ ਸਿੱਖ ਪ੍ਰਬੰਧਕਾਂ ਨੂੰ ਸਜ਼ਾ ਦੇਣ ਦਾ ਫ਼ੈਸਲਾ ਕਰ ਕੇ ਸਿੱਖ ਭਾਈਚਾਰੇ ਨਾਲ ਸਬੰਧਿਤ ਸਮਾਗਮਾਂ ਵਿੱਚ ਇਨ੍ਹਾਂ ਅੱਠਾਂ ਜਣਿਆਂ ਦੇ ਸ਼ਾਮਲ ਹੋਣ ਦੀ ਪਾਬੰਦੀ ਲਾ ਦਿੱਤੀ ਗਈ ਸੀ। ਇਨ੍ਹਾਂ ਅੱਠਾਂ ਵਿੱਚ ਚੇਅਰਮੈਨ ਵਰਿਆਮ ਸਿੰਘ, ਉਪ-ਚੇਅਰਮੈਨ ਬਲਵੀਰ ਸਿੰਘ ਕੋਚਰ ਤੇ ਡਾਇਰੈਕਟਰ ਸੁਰਜੀਤ ਸਿੰਘ ਨਾਰੰਗ, ਦਲਜੀਤ ਸਿੰਘ ਬੱਲ, ਸੁਰਜੀਤ ਸਿੰਘ ਅਰੋੜਾ, ਰਾਜਨੀਤ ਸਿੰਘ, ਗੁਰਨਾਮ ਸਿੰਘ ਹੋਠੀ ਅਤੇ ਜਸਵਿੰਦਰ ਸਿੰਘ ਬਨਵੈਤ ਸ਼ਾਮਿਲ ਹਨ।

ਮੁੰਬਈ ਤੇ ਨਵੀ ਮੁੰਬਈ ਦੇ ਸਿੱਖ ਭਾਈਚਾਰੇ ਵਲੋਂ 28 ਸਕੂਲ, 4 ਕਾਲਜ ਤੇ ਇਕ ਹਸਪਤਾਲ ਚਲਾਇਆ ਜਾਂਦਾ ਹੈ। ਸ਼ਹਿਰ ਦੇ ਸਿੱਖ ਭਾਈਚਾਰੇ ਦੇ ਇਸ ਬੋਰਡ ਨੇ ਸਾਰੇ ਦੇਸ਼ ਦੇ ਸਭ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਹੈ ਕਿ ਇਨ੍ਹਾਂ ਅੱਠਾਂ ਸਿੱਖਾਂ ਤੇ ਇਨ੍ਹਾਂ ਦੇ ਪਰਿਵਾਰਾਂ ਨੂੰ ਸਿੱਖ ਭਾਈਚਾਰੇ ਦੇ ਕਿਸੇ ਸਮਾਗਮ, ਸਮੇਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੇ, ਵਿੱਚ ਨਾ ਵੜਨ ਦਿੱਤਾ ਜਾਵੇ। ਸਿੱਖ ਭਾਈਚਾਰੇ ਦੇ 500 ਦੇ ਕਰੀਬ ਸਿੱਖਾਂ ਦੇ ਇਕੱਠ ਵੱਲੋਂ ਦਾਦਰ ਵਿੱਚ ਸ੍ਰੀ ਗੁਰੂ ਸਿੰਘ ਸਭਾ ਦੀ ਕੇਂਦਰੀ ਕਮੇਟੀ ਨੇ ਬੀਤੇ ਬੁੱਧਵਾਰ ਸਰਬ ਸੰਮਤੀ ਦੇ ਪਾਸ ਕੀਤੇ ਮਤੇ ਵਿੱਚ ਕਿਹਾ ਕਿ ਇਨ੍ਹਾਂ 8 ਸਿੱਖ ਆਗੂਆਂ ਦੀ ਕਾਰਗੁਜ਼ਾਰੀ ਨਾਲ ਸਿੱਖਾਂ ਦੇ ਅਕਸ ਨੂੰ ਧੱਬਾ ਲੱਗਾ ਹੈ। ਇਸ ਮੌਕੇ ਸ੍ਰੀ ਗੁਰੂ ਸਿੰਘ ਸਭਾ ਦੇ ਵਿੱਤ ਸਕੱਤਰ ਰਾਮ ਸਿੰਘ ਰਾਠੌਰ ਨੇ ਦੱਸਿਆ ਕਿ ਇਸ ਵਿਵਾਦ ਨਾਲ 16 ਲੱਖ ਸਿੱਖ ਪ੍ਰਭਾਵਤ ਹੋਏ ਹਨ ਤੇ ਬੋਰਡ ਆਫ ਡਾਇਰੈਕਟਰਜ਼ ਵਲੋਂ ਆਪਣੇ ਹੀ ਲੋਕਾਂ ਨਾਲ ਕੀਤੇ ਧੋਖੇ ਲਈ ਉਨ੍ਹਾਂ ਨੂੰ ਮੁਆਫ਼ ਨਹੀਂ ਕੀਤਾ ਜਾਵੇਗਾ। ਸਿਓਨ ਦੇ ਗੁਰੂ ਨਾਨਕ ਵਿੱਦਿਅਕ ਸਭਾ ਦੇ ਪ੍ਰਧਾਨ ਮਨਜੀਤ ਸਿੰਘ ਭੱਟੀ ਨੇ ਦੱਸਿਆ ਕਿ ਇਹ ਅੱਠ ਜਣੇ ਸਿੱਖ ਭਾਈਚਾਰੇ ਵਲੋਂ ਚਲਾਈਆਂ ਜਾਂਦੀਆਂ ਵਿੱਦਿਅਕ ਸੰਸਥਾਵਾਂ ਦੇ ਮੈਂਬਰ ਨਹੀਂ ਰਹੇ। ਇਨ੍ਹਾਂ ਕਾਰਨ ਸਾਡੇ 12 ਕਰੋੜ ਰੁਪਏ ਸੇਵਿੰਗਜ਼ ਖ਼ਾਤਿਆਂ ਅਤੇ 5.68 ਕਰੋੜ ਰੁਪਏ ਫਿਕਸਡ ਡਿਪਾਜ਼ਿਟਸ ਵਿੱਚ ਫਸ ਗਏ ਹਨ ਤੇ ਅਸੀਂ ਸਾਲਾਨਾ 1 ਕਰੋੜ ਦੇ ਕਰੀਬ ਦਿੱਤੀਆਂ ਜਾਣ ਵਾਲੀਆਂ ਤਨਖਾਹਾਂ ਦੇਣ ਤੋਂ ਵੀ ਔਖੇ ਹੋ ਗਏ ਹਾਂ।

ਦੂਸਰੇ ਪਾਸੇ ਬੀਤੇ ਵੀਰਵਾਰ ਮੁੰਬਈ ਪੁਲਿਸ ਨੇ ਪੀ ਐੱਮ ਸੀ ਬੈਂਕ ਘੁਟਾਲਾ ਕੇਸ ਵਿੱਚ ਹਾਊਸਿੰਗ ਡਿਵੈਲਪਮੈਂਟ ਇਨਫਰਾਸਟਰੱਕਚਰ ਲਿਮਿਟਿਡ (ਐੱਚ ਡੀ ਆਈ ਐੱਲ) ਦੇ 2 ਡਾਇਰੈਕਟਰਜ਼ ਰਾਕੇਸ਼ ਵਾਧਵਨ ਅਤੇ ਉਸ ਦੇ ਪੁੱਤਰ ਸਾਰੰਗ ਵਾਧਵਨ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਦੇ ਇਕ ਅਧਿਕਾਰੀ ਮੁਤਾਬਕ ਆਰਥਿਕ ਅਪਰਾਧਾਂ ਨਾਲ ਨਜਿੱਠਣ ਵਾਲੇ (ਈ ਓ ਡਬਲਿਊ) ਵਿੰਗ ਵੱਲੋਂ ਪੀ ਐਮ ਸੀ ਬੈਂਕ ਨਾਲ ਫਰਾਡ ਦੇ ਦੋਸ਼ੀ ਐਚ ਡੀ ਆਈ ਐਲ ਦੇ ਡਾਇਰੈਕਟਰ ਰਾਕੇਸ਼ ਵਾਧਵਨ ਅਤੇ ਸਾਰੰਗ ਵਾਧਵਨ ਤੋਂ ਇਸ ਘੁਟਾਲੇ ਵਿੱਚ ਸ਼ਾਮਿਲ ਹੋਰ ਲੋਕਾਂ ਬਾਰੇ ਵਿਸਥਾਰ ਨਾਲ ਪੁੱਛਗਿੱਛ ਕਰਨ ਲਈ ਉਨ੍ਹਾਂ ਦੀ ਗ੍ਰਿਫਤਾਰੀ ਦੇ ਨਾਲ ਉਨ੍ਹਾਂ ਦੀ ਕਰੀਬ 3,500 ਕਰੋੜ ਰੁਪਏ ਦੀ ਜਾਇਦਾਦ ਵੀ ਅਟੈਚ ਕਰ ਲਈ ਹੈ। ਅਧਿਕਾਰੀ ਨੇ ਦੱਸਿਆ ਕਿ ਇਸ ਕੇਸ ਦੀ ਜਾਂਚ ਲਈ ਈ ਓ ਡਬਲਿਊ ਦੀ ਇਕ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ ਤੇ ਪੁਲਿਸ ਨੇ ਵਾਧਵਨ ਪਿਉ-ਪੁੱਤਰ ਸਮੇਤ 17 ਲੋਕਾਂ ਦੇ ਲੁਕ-ਆਊਟ ਸਰਕੂਲਰ ਜਾਰੀ ਕੀਤੇ ਸਨ।

# ਸੇਵਾ ਮੁਕਤ ਅਫਸਰਾਂ ਨੇ ਪ੍ਰਧਾਨ ਮੰਤਰੀ ਵੱਲ ਪੱਤਰ ਲਿਖ ਕੇ ਰੋਸ ਜ਼ਾਹਰ ਕੀਤਾ

ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 71 ਸੇਵਾ ਮੁਕਤ ਅਫਸਰਾਂ ਨੇ ਪੱਤਰ ਲਿਖ ਕੇ ਵਿੱਤ ਮੰਤਰਾਲੇ ਦੇ ਚਾਰ ਸੇਵਾ ਮੁਕਤ ਅਫਸਰਾਂ ਉੱਤੇ ਆਈ ਐੱਨ ਐਕਸ ਮੀਡੀਆ ਮਾਮਲੇ 'ਚ ਕੇਸ ਦਰਜ ਕੀਤੇ ਜਾਣ ਉੱਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਇਸ ਕਾਰਵਾਈ ਨਾਲ ਇਮਾਨਦਾਰ ਅਫਸਰਾਂ ਦਾ ਹੌਸਲਾ ਢਹੇਗਾ ਤੇ ਉਹ ਕੋਈ ਵੀ ਅਹਿਮ ਕਾਰਵਾਈ ਕਰਨ ਤੋਂ ਪਰਹੇਜ਼ ਕਰਨਗੇ। ਉਨ੍ਹਾਂ ਕਿਹਾ ਕਿ ਅਜਿਹਾ ਕੋਈ ਤਰਕ ਸੰਗਤ ਸਮਾਂ ਲਾਜ਼ਮੀ ਹੋਣਾ ਚਾਹੀਦਾ ਹੈ ਜਿਸ ਮਗਰੋਂ ਕੋਈ ਫਾਈਲ ਦੁਬਾਰਾ ਖੋਲ੍ਹੀ ਜਾ ਸਕੇ।

ਆਪਣੀ ਕਿਸਮ ਦੇ ਇਸ ਪੱਤਰ ਉਤੇ ਸਾਬਕਾ ਕੈਬਨਿਟ ਸਕੱਤਰ ਕੇ ਐੱਮ ਚੰਦਰਸ਼ੇਖਰ, ਸਾਬਕਾ ਵਿਦੇਸ਼ ਸਕੱਤਰ ਅਤੇ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਸ਼ਿਵਸ਼ੰਕਰ ਮੈਨਨ, ਸਾਬਕਾ ਵਿੱਤ ਸਕੱਤਰ ਸੁਜਾਤਾ ਸਿੰਘ ਅਤੇ ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਜੂਲੀਓ ਰਿਬੇਰੋ ਵਰਗੇ ਸੇਵਾ ਮੁਕਤ ਅਫਸਰਾਂ ਨੇ ਦਸਖਤ ਕੀਤੇ ਹਨ। ਇਨ੍ਹਾਂ ਸਾਬਕਾ ਅਫਸਰਾਂ ਨੇ ਸਿਰਫ ਸਿਆਸੀ ਲਾਹਾ ਲੈਣ ਲਈ ਕੁਝ ਚੋਣਵੇਂ ਸੇਵਾਮੁਕਤ ਅਤੇ ਮੌਜੂਦਾ ਅਫਸਰਾਂ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਚਿੰਤਾ ਜ਼ਾਹਰ ਕੀਤੀ ਹੈ। ਇਨ੍ਹਾਂ ਅਫਸਰਾਂ ਨੇ ਦੱਸਿਆ ਕਿ ਪਿਛਲੇ ਮਹੀਨੇ ਸਰਕਾਰ ਨੇ ਨੀਤੀ ਆਯੋਗ ਦੇ ਇੱਕ ਸਾਬਕਾ ਸੀ ਈ ਓ ਸਿੰਧੂਸ੍ਰੀ ਕੁੱਲਰ, ਛੋਟੇ ਅਤੇ ਦਰਮਿਆਨੇ ਉਦਯੋਗ ਮੰਤਰਾਲੇ ਦੇ ਸਾਬਕਾ ਸਕੱਤਰ ਅਨੂਪ ਕੇ ਪੁਜਾਰੀ, ਵਿੱਤ ਮੰਤਰਾਲੇ ਦੇ ਸਾਬਕਾ ਡਾਇਰੈਕਟਰ ਪ੍ਰਬੋਧ ਸਕਸੈਨਾ ਅਤੇ ਵਿੱਤੀ ਮਾਮਲਿਆਂ ਦੇ ਸਾਬਕਾ ਅੰਡਰ ਸੈਕਟਰੀ ਰਾਬਿੰਦਰ ਪ੍ਰਸਾਦ ਦੇ ਖਿਲਾਫ ਆਈ ਐੱਨ ਐਕਸ ਮੀਡੀਆ ਮਾਮਲੇ 'ਚ ਕੇਸ ਦਰਜ ਕਰਨ ਦੀ ਸੀ ਬੀ ਆਈ ਨੂੰ ਇਜਾਜ਼ਤ ਦਿੱਤੀ ਸੀ। ਇਨ੍ਹਾਂ ਅਫਸਰਾਂ ਨੇ ਸਰਕਾਰ 'ਤੇ ਸਿਆਸੀ ਲਾਹਾ ਲੈਣ ਲਈ ਅਫਸਰਾਂ ਨੂੰ ਅਪਰਾਧਕ ਕਾਰਵਾਈ ਦਾ ਸਾਹਮਣਾ ਕਰਨ ਲਈ ਮਜਬੂਰ ਕਰਨ ਦਾ ਦੋਸ਼ ਵੀ ਲਾਇਆ ਅਤੇ ਕਿਹਾ ਕਿ ਜੇ ਸਰਕਾਰ ਵੱਲੋਂ ਮਿੱਥ ਕੇ ਕੁਝ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ ਤਾਂ ਬਾਕੀ ਦੇ ਇਮਾਨਦਾਰ ਅਤੇ ਕਾਬਲ ਅਫਸਰ ਜ਼ਰੂਰ ਨਿਰਾਸ਼ ਹੋਣਗੇ।

# ਪੰਜਾਬ ਤੇ ਮਹਾਰਾਸ਼ਟਰ ਕੋਆਪਰੇਟਿਵ ਬੈਂਕ ਘੋਟਾਲੇ ਵਿਚ ਸਾਬਕਾ ਚੇਅਰਮੈਨ ਵਰਿਆਮ ਸਿੰਘ ਗ੍ਰਿਫਤਾਰ



ਮੁੰਬਈ, 6 ਅਕਤੂਬਰ (ਪੋਸਟ ਬਿਊਰੋ)- ਮੁੰਬਈ ਪੁਲਸ ਦੇ ਆਰਥਿਕ ਅਪਰਾਧ ਵਿੰਗ ਨੇ ਕੱਲ੍ਹ ਪੰਜਾਬ ਤੇ ਮਹਾਰਾਸ਼ਟਰ ਕੋਆਪਰੇ-ਟਿਵ (ਪੀ ਐੱਮ ਸੀ) ਬੈਂਕ ਘੁਟਾਲਾ ਕੇਸ 'ਚ ਸਾਬਕਾ ਚੇਅਰਮੈਨ ਵਰਿਆਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਵਰਨਣ ਯੋਗ ਹੈ ਕਿ 4355 ਕਰੋੜ ਰੁਪਏ ਦੇ ਇਸ ਘੁਟਾਲੇ ਵਿੱਚ ਇਹ ਚੌਥੀ ਗ੍ਰਿਫਤਾਰੀ ਹੈ। ਮੁੰਬਈ ਪੁਲਸ ਦਾ ਈ ਈ ਓ ਵਿੰਗ ਇਸ ਤੋਂ ਪਹਿਲਾਂ ਪੀ ਐੱਮ ਸੀ ਬੈਂਕ ਦੇ ਸਾਬਕਾ ਮੈਨੇਜਿੰਗ ਡਾਇਰੈਕਟਰ ਜੇ ਥਾਮਸ ਅਤੇ ਐੱਚ ਡੀ ਆਈ ਐੱਲ ਗਰੁੱਪ ਦੇ ਡਾਇਰੈਕਟਰ ਪਿਤਾ-ਪੁੱਤਰ ਰਾਕੇਸ਼ ਵਾਧਵਨ ਅਤੇ ਗਾਰੰਗ ਵਾਧਵਨ ਨੂੰ ਗ੍ਰਿਫਤਾਰ ਕਰ ਚੁੱਕਾ ਹੈ।

ਪੰਜਾਬ ਮਹਾਰਾਸ਼ਟਰ ਕੋਆਪਰੇਟਿਵ (ਪੀ ਐੱਮ ਸੀ) ਬੈਂਕ ਵਿੱਚ 4355 ਕਰੋੜ ਰੁਪਏ ਦੇ ਘੁਟਾਲੇ ਵਿੱਚ ਗ੍ਰਿਫਤਾਰ ਸਾਬਕਾ ਐੱਮ ਡੀ ਜੋਏ ਥਾਮਸ ਨੂੰ ਅਦਾਲਤ ਨੇ ਕੱਲ੍ਹ 17 ਅਕਤੂਬਰ ਤੱਕ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਮੁੰਬਈ ਪੁਲਸ ਦੇ ਆਰਥਿਕ ਅਪਰਾਧ ਵਿੰਗ (ਈ ਓ ਡਬਲਯੂ) ਨੇ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤੇ ਥਾਮਸ ਨੂੰ ਕੱਲ੍ਹ ਵਧੀਕ ਚੀਫ ਮੈਟਰੋਪਾਲੀਟਨ ਮੈਜਿਸਟਰੇਟ ਐੱਸ ਜੀ ਸ਼ੇਖ਼ ਸਾਹ-ਮਣੇ ਪੇਸ਼ ਕੀਤਾ ਸੀ। ਪੁਲਸ ਵੱਲੋਂ ਘੁਟਾਲਾ ਸਾਜ਼ਿਸ਼ ਦੀ ਪੁੱਛਗਿੱਛ ਲਈ ਥਾਮਸ ਦਾ ਰਿਮਾਂਡ ਮੰਗਣ 'ਤੇ ਅਦਾਲਤ ਨੇ ਉਸ ਨੂੰ 17 ਅਕਤੂਬਰ ਤੱਕ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ। ਥਾਮਸ ਦੇ ਵਕੀਲ ਦਾ ਕਹਿਣਾ ਹੈ ਕਿ ਉਸ ਦੇ ਕਲਾਈਂਟ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ।

## ਮਾਮਲਾ ਭੀੜ ਤੰਤਰ ਦਾ

# ਮੌਬ ਲਿੰਚਿੰਗ ਵਿਰੁੱਧ ਮੋਦੀ ਵੱਲ ਚਿੱਠੀ ਲਿਖਣ ਵਾਲੇ 50 ਜਣਿਆਂ ਉੱਤੇ ਕੇਸ ਦਰਜ



ਮੁਜ਼ੱਫਰਨਗਰ, 6 ਅਕਤੂਬਰ, (ਪੋਸਟ ਬਿਊਰੋ)- ਭਾਰਤ ਵਿਚ ਵਧਦੇ ਮਾਬ ਲਿੰਚਿੰਗ (ਭੀੜ ਵੱਲੋਂ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦੇਣ) ਦੇ ਮਾਮਲਿਆਂ ਉੱਤੇ ਚਿੰਤਾ ਜ਼ਾਹਰ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਖੁੱਲ੍ਹੀ ਚਿੱਠੀ ਲਿਖਣ ਵਾਲੇ ਰਾਮਚੰਦਰ ਗੁਹਾ, ਮਣੀ ਰਤਨਮ ਅਤੇ ਅਪਰਣਾ ਸੇਨ ਸਮੇਤ ਕਰੀਬ 50 ਪ੍ਰਮੁੱਖ ਲੋਕਾਂ ਦੇ ਵਿਰੁੱਧ ਇੱਕ ਕੇਸ ਦਰਜ ਕੀਤਾ ਗਈ ਹੈ। ਇਸ ਸੰਬੰਧ ਵਿੱਚ ਪੁਲਿਸ ਨੇ ਖੁਦ ਜਾਣਕਾਰੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਇੱਕ ਸਥਾਨਕ ਵਕੀਲ ਸੁਧੀਰ ਕੁਮਾਰ ਵੱਲੋਂ ਦੋ ਮਹੀਨੇ ਪਹਿਲਾਂ ਦਰਜ ਕਰਾਈ ਪਟੀਸ਼ਨ ਦੇ ਆਧਾਰ ਉੱਤੇ ਚੀਫ਼ ਜੁਡੀਸ਼ਲ ਮੈਜਿਸਟਰੇਟ ਸੂਰਿਆ ਕਾਂਤ ਤਿਵਾੜੀ ਦੇ ਆਦੇਸ਼ ਨਾਲ ਕੇਸ ਦਰਜ ਹੋਇਆ ਹੈ। ਸੁਧੀਰ ਕੁਮਾਰ ਨੇ ਦੱਸਿਆ ਕਿ ਸੀ ਜੇ ਐਮ ਨੇ 20 ਅਗਸਤ ਨੂੰ ਉਨ੍ਹਾਂ ਦੀ ਪਟੀਸ਼ਨ ਸਵੀਕਾਰ ਕੀਤੀ ਤੇ ਬੀਤੇ ਵੀਰਵਾਰ ਸਦਰ ਪੁਲਿਸ ਸਟੇਸ਼ਨ ਵਿਚ ਕੇਸ ਦਰਜ ਹੋ ਗਿਆ। ਉਸ ਨੇ ਦੋਸ਼ ਲਾਇਆ ਹੈ ਕਿ ਇਨ੍ਹਾਂ ਪ੍ਰਮੁੱਖ ਹਸਤੀਆਂ ਨੇ ਦੇਸ਼ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਕਸ ਖ਼ਰਾਬ ਕੀਤਾ ਹੈ। ਪੁਲਿਸ ਦੇ ਮੁਤਾ-ਬਕ ਕੇਸ ਇੰਡੀਅਨ ਪੀਨਲ ਕੋਡ ਦੀਆਂ ਸਬੰਧਤ ਧਾਰਾਵਾਂ ਹੇਠ ਦਰਜ ਕੀਤਾ ਗਿਆ ਹੈ ਅਤੇ ਇਸ ਵਿਚ ਦੇਸ਼ ਧ੍ਰੋਹ ਦੇ ਨਾਲ ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਉਣ ਨਾਲ ਸਬੰਧਤ ਧਾਰਾਵਾਂ ਵੀ ਲਾਈਆਂ ਗਈਆਂ ਹਨ।

# ਹਰਿਆਣਾ ਦੇ ਸਾਬਕਾ ਪ੍ਰਧਾਨ ਅਸ਼ੋਕ ਤੰਵਰ ਨੇ ਕਾਂਗਰਸ ਛੱਡੀ



ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ)- ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਟਿਕਟਾਂ ਦੀ ਵੰਡ ਤੋਂ ਨਾਰਾਜ਼ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਅਸ਼ੋਕ ਤੰਵਰ ਨੇ ਕੱਲ੍ਹ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਕੇ ਦੋਸ਼ ਲਾਇਆ ਕਿ ਕਾਂਗਰਸ ਵਿਚਲੇ ਕੁਝ ਲੋਕਾਂ ਕਾਰਨ ਪਾਰਟੀ ਆਪਣੀ ਹੋਂਦ ਦੇ ਸੰਕਟ ਨਾਲ ਜੂਝ ਰਹੀ ਹੈ।

ਇਸ ਮੌਕੇ ਅਸ਼ੋਕ ਤੰਵਰ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜੇ ਅਸਤੀਫੇ ਵਿੱਚ ਇਹ ਦੋਸ਼ ਵੀ ਲਾਇਆ ਕਿ ਪਾਰਟੀ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਕੁਝ ਦਿਨ ਪਹਿਲਾਂ ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਵਾਸਤੇ ਬਣੀਆਂ ਵੱਖ-ਵੱਖ ਕਮੇਟੀਆਂ ਤੋਂ ਵੀ ਅਸਤੀਫਾ ਦੇ ਦਿੱਤਾ ਸੀ। ਅਸ਼ੋਕ ਤੰਵਰ ਨੇ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਕੋਲ ਪਾਰਟੀ ਛੱਡਣ ਤੋਂ ਇਲਾਵਾ ਕੋਈ ਰਸਤਾ ਨਹੀਂ ਬਚਿਆ ਤੇ ਉਹ ਹਾਲੇ ਭਾਜਪਾ ਜਾਂ ਕਿਸੇ ਹੋਰ ਪਾਰਟੀ ਵਿੱਚ ਨਹੀਂ ਜਾ ਰਹੇ। ਉਨ੍ਹਾਂ ਨੇ ਇਹ ਦੋਸ਼ ਵੀ ਲਾਇਆ ਕਿ ਰਾਹੁਲ ਗਾਂਧੀ ਦੇ ਨੇੜੂਆਂ ਦਾ ਸਿਆਸੀ ਕਤਲ ਕੀਤਾ ਜਾ ਰਿਹਾ ਹੈ।

ਤੰਵਰ ਨੇ ਅਸਤੀਫੇ 'ਚ ਕਿਹਾ, ਮੌਜੂਦਾ ਸਮੇਂ ਕਾਂਗਰਸ ਆਪਣੇ ਸਿਆਸੀ ਵਿਰੋਧੀਆਂ ਦੇ ਕਾਰਨ ਨਹੀਂ, ਆਪਸੀ ਵਿਰੋਧਾਂ ਦੇ ਕਾਰਨ ਹੋਂਦ ਦੇ ਸੰਕਟ ਨਾਲ ਜੂਝ ਰਹੀ ਹੈ। ਜ਼ਮੀਨ ਤੋਂ ਉਠੇ ਅਤੇ ਕਿਸੇ ਵੱਡੇ ਸਿਆਸੀ ਪਰਵਾਰ ਨਾਲ ਸੰਬੰਧ ਨਾ ਰੱਖਣ ਵਾਲੇ ਮਿਹਨਤੀ ਵਰਕਰਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਇਹ ਦੋਸ਼ ਵੀ ਲਾਇਆ ਕਿ ਪਾਰਟੀ ਵਿੱਚ ਪੈਸੇ, ਬਲੈਕਮੇਲਿੰਗ ਤੇ ਦਬਾਅ ਦੀ ਰਣਨੀਤੀ ਕੰਮ ਕਰ ਰਹੀ ਹੈ। ਤੰਵਰ ਨੇ ਪਾਰਟੀ ਦੇ ਜਨਰਲ ਸਕੱਤਰ ਇੰਚਾਰਜ ਗੁਲਾਮ ਨਬੀ ਆਜ਼ਾਦ ਅਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਉੱਤੇ ਦੋਸ਼ ਲਾਇਆ ਕਿ ਇਨ੍ਹਾਂ ਨੇਤਾਵਾਂ ਦੇ ਨਾਲ ਗੰਢਸੰਢ ਹੀ ਟਿਕਟ ਹਾਸਲ ਕਰਨ ਦਾ ਸਭ ਤੋਂ ਪੈਮਾਨਾ ਬਣ ਗਿਆ ਹੈ ਅਤੇ ਪੰਜ ਸਾਲ ਮਿਹਨਤ ਕਰਨ ਵਾਲੇ ਕਈ ਵਰਕਰ ਵਾਂਝੇ ਰਹਿ ਗਏ।

# ਮਿਜ਼ਾਈਲ ਨਾਲ ਆਪਣਾ ਹੀ ਜੰਗੀ ਹੈਲੀਕਾਪਟਰ ਡੇਗ ਬੈਠੇ ਸਾਂ: ਭਦੌਰੀਆ



ਨਵੀਂ ਦਿੱਲੀ, 6 ਅਕਤਬੂਰ (ਪੋਸਟ ਬਿਊਰੋ)- ਭਾਰਤੀ ਹਵਾਈ ਫੌਜ ਦੇ ਮੁਖੀ ਰਾਕੇਸ਼ ਕੁਮਾਰ ਸਿੰਘ ਭਦੌਰੀਆ ਨੇ 27 ਫਰਵਰੀ ਨੂੰ ਸ੍ਰੀਨਗਰ ਵਿੱਚ ਹੋਏ ਐਮ ਆਈ 17 ਹਾਦਸੇ ਨੂੰ ਵੱਡੀ ਗਲਤੀ ਮੰਨਦਿਆਂ ਕਿਹਾ ਕਿ ਇਸ ਬਾਰੇ ਹਵਾਈ ਫੌਜ ਦੇ ਅਫਸਰਾਂ ਖਿਲਾਫ ਕਾਰਵਾਈ ਕਰੇਗੀ। ਭਦੌਰੀਆ ਨੇ ਇਹ ਵੀ ਕਿਹਾ ਕਿ ਇਸ ਸਬੰਧੀ ਕੋਰਟ ਆਫ ਇਨਕੁਆਰੀ ਨੇ ਆਪਣੀ ਪੜਤਾਲ ਪੂਰੀ ਕਰ ਲਈ ਹੈ ਅਤੇ ਇਹ ਸਾਡੀ ਗਲਤੀ ਸੀ ਕਿ ਆਪਣੇ ਹੀ ਹੈਲੀਕਾਪਟਰ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਹਵਾਈ ਫੌਜ ਨਿਸਚਿਤ ਕਰੇਗੀ ਕਿ ਭਵਿੱਖ 'ਚ ਅਜਿਹੀ ਗਲਤੀ ਮੁੜ ਨਾ ਹੋਵੇ।

ਵਰਨਣ ਯੋਗ ਹੈ ਕਿ 27 ਫਰਵਰੀ ਨੂੰ ਇਹ ਹਾਦਸਾ ਉਸ ਵੇਲੇ ਹੋਇਆ ਸੀ ਜਦੋਂ ਕੰਟਰੋਲ ਰੇਖਾ 'ਤੇ ਭਾਰਤ ਅਤੇ ਪਾਕਿਸਤਾਨ ਦੇ ਜੰਗੀ ਜਹਾਜ਼ ਇੱਕ-ਦੂਜੇ ਨੂੰ ਨਿਸ਼ਾਨਾ ਬਣਾ ਰਹੇ ਸਨ। ਬਾਲਕੋਟ ਹਵਾਈ ਹਮਲੇ ਪਿੱਛੋਂ ਗਸ਼ਤ ਕਰਦੇ ਐਮ ਆਈ 17 ਜਹਾਜ਼ ਉੱਤੇ ਇੱਕ ਮਿਜ਼ਾਈਲ ਨੇ ਹਮਲਾ ਕਰ ਦਿੱਤਾ ਸੀ। ਇਸ ਹਾਦਸੇ 'ਚ ਹਵਾਈ ਫੌਜ ਦੇ ਛੇ ਜਵਾਨ ਅਤੇ ਇੱਕ ਨਾਗਰਿਕ ਮਾਰਿਆ ਗਿਆ ਸੀ। ਭਦੌਰੀਆ ਨੇ ਭਾਰਤੀ ਹਵਾਈ ਫੌਜ ਦੀ ਗਲਤੀ ਨੂੰ ਮੰਨ ਕੇ ਕਿਹਾ ਕਿ ਪਿਛਲੇ ਹਫਤੇ ਹੀ ਇਸ ਬਾਰੇ ਪੜਤਾਲ ਪੂਰੀ ਹੋਈ ਹੈ।

## ਸ਼ੈਹਲਾ ਰਸ਼ੀਦ ਵੱਲੋਂ ਪਲਟ ਵਾਰ

# ਪ੍ਰਧਾਨ ਮੰਤਰੀ ਦੀ ਇੱਜ਼ਤ ਕਰਨ ਲਈ ਸੰਵਿਧਾਨ ਜਾਂ ਕਾਨੂੰਨ ਕੁਝ ਨਹੀਂ ਕਹਿੰਦਾ

ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ)- ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਦੀ ਵਿਦਿਆਰਥੀ ਆਗੂ ਰਹਿ ਚੁੱਕੀ ਸ਼ੈਹਲਾ ਰਸ਼ੀਦ ਨੇ ਟਵੀਟ ਕਰ ਕੇ ਕਿਹਾ ਹੈ ਕਿ ਦੇਸ਼ ਦੇ ਸੰਵਿਧਾਨ ਜਾਂ ਕਾਨੂੰਨ ਵਿੱਚ ਨਹੀਂ ਲਿਖਿਆ ਕਿ ਅਸੀਂ ਦੇਸ਼ ਦੇ ਪ੍ਰਧਾਨ ਮੰਤਰੀ ਦਾ ਸਤਿਕਾਰ ਕਰਨਾ ਹੀ ਹੈ। ਸ਼ੈਹਲਾ ਰਸ਼ੀਦ ਨੇ ਇਸ ਟਵੀਟ 'ਤੇ ਸੋਸ਼ਲ ਮੀਡੀਆ ਯੂਜ਼ਰ ਤਿੱਖਾ ਪ੍ਰਤੀਕਰਮ ਦੇਂਦੇ ਹੋਏ ਸ਼ੈਹਲਾ ਰਸ਼ੀਦ ਦੀ ਆਲੋਚਨਾ ਕਰ ਰਹੇ ਹਨ।

ਅਸਲ ਵਿੱਚਇਸ ਦੀ ਸ਼ੁਰੂਆਤ ਇੱਕ ਹੋਰ ਟਵੀਟ ਤੋਂ ਹੋਈ ਸੀ, ਜਿਸ 'ਤੇ ਸ਼ੈਹਲਾ ਰਸ਼ੀਦ ਨੇ ਪ੍ਰਤੀਕਿਰਿਆ ਦਿੰਦੇ ਹੋਏ ਇਹ ਗੱਲ ਲਿਖੀ ਸੀ। ਵਰਨਣ ਯੋਗ ਹੈ ਕਿ ਬੀਤੇ ਦਿਨੀਂ ਦੇਸ਼ ਦੀਆਂ ਕਈ ਹਸਤੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਖੁੱਲ੍ਹੀ ਚਿੱਠੀ ਲਿਖ ਕੇ ਦੇਸ਼ ਵਿੱਚ ਵਧਦੀ ਫਿਰਕੂ ਹਿੰਸਾ 'ਤੇ ਚਿੰਤਾ ਜ਼ਾਹਰ ਕੀਤੀ ਸੀ। ਤਾਜ਼ਾ ਖਬਰ ਇਹ ਹੈ ਕਿ ਇਨ੍ਹਾਂ ਹਸਤੀਆਂ ਵਿਰੁੱਧ ਦੇਸ਼ ਧ੍ਰੋਹ ਅਤੇ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਅਤੇ ਸ਼ਾਂਤੀ ਭੰਗ ਕਰਨ ਲਈ ਉਕਸਾਉਣ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਹੈ। ਇਸ ਉੱਤੇ ਕਈ ਲੋਕਾਂ ਨੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਸੋਸ਼ਲ ਮੀਡੀਆ ਉੱਤੇ ਇੱਕ ਯੂਜ਼ਰ ਨੇ ਟਵੀਟ ਕਰ ਕੇ ਸਰਕਾਰ 'ਤੇ ਹਮਲਾ ਕੀਤਾ ਤੇ ਲਿਖਿਆ ਹੈ ਕਿ ਮਨੀਰਤਨਮ, ਅਦੂਰ ਅਤੇ 47 ਹੋਰਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫਿਰਕੂ ਹਿੰਸਾ ਵਿਰੁੱਧ ਚਿੱਠੀ ਲਿਖੀ ਸੀ, ਉਨ੍ਹਾਂ ਦੇ ਵਿਰੁੱਧ ਕੇਸ ਦਰਜ ਕੀਤੀ ਗਈ ਹੈ ਤਾਂ ਸਾਨੂੰ ਫਾਸ਼ੀਵਾਦ ਦੀ ਪਰਿਭਾਸ਼ਾ ਬਦਲ ਦੇਣੀ ਚਾਹੀਦੀ ਹੈ। ਇਸੇ ਟਵੀਟ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਜੰਮੂ-



ਕਸ਼ਮੀਰ ਨਾਲ ਸੰਬੰਧ ਰੱਖਦੀ ਸ਼ੈਹਲਾ ਰਸ਼ੀਦ ਨੇ ਲਿਖਿਆ ਸੀ ਕਿ ਸੰਵਿਧਾਨ ਵਿੱਚ ਅਜਿਹੀ ਕੋਈ ਧਾਰਾ, ਆਈ ਪੀ ਸੀ ਵਿੱਚ ਕੋਈ ਕਲਾਜ਼, ਕਿਸੇ ਸੂਬੇ ਦਾ ਕਾਨੂੰਨ ਜਾਂ ਫਿਰ ਪਾਰਲੀਮੈਂਟ ਦਾ ਕੋਈ ਐਕਟ ਨਹੀਂ ਹੈ, ਜਿਹੜਾ ਕਹਿੰਦਾ ਹੋਵੇ ਕਿ ਦੇਸ਼ ਦੇ ਨਾਗਰਿਕਾਂ ਨੇ ਪ੍ਰਧਾਨ ਮੰਤਰੀ ਦਾ ਸਤਿਕਾਰ ਕਰਨਾ ਹੀ ਹੈ। ਸ਼ੈਹਲਾ ਦੇ ਇਸ ਟਵੀਟ 'ਤੇ ਕਈ ਸੋਸ਼ਲ ਮੀਡੀਆ ਯੂਜ਼ਰ ਭੜਕ ਗਏ। ਇੱਕ ਜਣੇ ਨੇ ਟਵੀਟ 'ਤੇ ਜਵਾਬ ਦਿੰਦੇ ਹੋਏ ਲਿਖਿਆ ਕਿ ਸੰਵਿਧਾਨ ਵਿੱਚ ਕੋਈ ਅਜਿਹੀ ਧਾਰਾ ਵੀ ਨਹੀਂ ਹੈ, ਜੋ ਪ੍ਰਧਾਨ ਮੰਤਰੀ ਨੂੰ ਬਦਨਾਮ ਕਰਨ ਦਾ ਅਧਿਕਾਰ ਦੇਵੇ।

# ਪ੍ਰਾਈਵੇਟ ਆਪ੍ਰੇਟਰ ਅੱਗੇ ਤੋਂ ਮਰਜ਼ੀ ਦੀ ਟ੍ਰੇਨ ਖਰੀਦ ਸਕਣਗੇ

ਨਵੀਂ ਦਿੱਲੀ, 6 ਅਕਤਬੂਰ (ਪੋਸਟ ਬਿਊਰੋ)- ਲਖਨਊ ਤੋਂ ਦਿੱਲੀ ਵਿਚਾਲੇ ਚਲਾਈ ਗਈ ਤੇਜਸ ਐਕਸਪ੍ਰੈੱਸ ਨੂੰ ਦੇਸ਼ 'ਚ ਪ੍ਰਾਈਵੇਟ ਟ੍ਰੇਨਾਂ ਦੇ ਯੁੱਗ ਦੀ ਸ਼ੁਰੂਆਤ ਮੰਨਿਆ ਜਾ ਰਿਹਾ ਹੈ, ਪਰ ਇਸ ਨੂੰ ਪ੍ਰਾਈਵੇਟ ਟ੍ਰੇਨ ਦੀ ਬਜਾਏ ਜਨਤਕ-ਨਿੱਜੀ ਹਿੱਸਦਾਰੀ (ਪੀ ਪੀ ਪੀ) ਹੇਠ ਚਲਾਈ ਪਹਿਲੀ ਯਾਤਰੀ ਟ੍ਰੇਨ ਕਹਿਣਾ ਵੱਧ ਸਹੀ ਹੋਵੇਗਾ। ਇਸ ਨੂੰ ਪੂਰੀ ਤਰ੍ਹਾਂ ਪ੍ਰਾਈਵੇਟ ਟ੍ਰੇਨ ਦੀ ਭੂਮਿਕਾ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਜੇ ਤਜਰਬਾ ਕਾਮਯਾਬ ਹੋਇਆ ਤਾਂ ਭਵਿੱਖ 'ਚ ਟ੍ਰੇਨ ਚਲਾਉਣਾ ਪੂਰੀ ਤਰ੍ਹਾਂ ਪ੍ਰਾਈਵੇਟ ਸੈਕਟਰ ਦੇ ਹਵਾਲੇ ਵੀ ਕੀਤਾ ਜਾ ਸਕਦਾ ਹੈ। ਇਹੀ ਵਜ੍ਹਾ ਹੈ ਕਿ ਰੇਲ ਮੁਲਾਜ਼ਮ ਇਸ ਦਾ ਵਿਰੋਧ ਕਰਦੇ ਹਨ। ਰੇਲਵੇ ਯੂਨੀਅਨਾਂ ਨੇ ਵਿਰੋਧ ਦੇ ਨਾਲ ਹੀ ਪ੍ਰਾਈਵੇਟ ਟ੍ਰੇਨਾਂ ਦੇ ਫੇਲ੍ਹ ਹੋਣ ਦੀ ਭਵਿੱਖਬਾਣੀ ਕੀਤੀ ਹੈ।

ਦੂਸਰੇ ਪਾਸੇ ਰੇਲਵੇ ਬੋਰਡ ਨੂੰ ਇਨ੍ਹਾਂ ਟਰੇਨਾਂ ਤੋਂ ਵੱਡੀ ਆਸ ਅਤੇ ਏਨਾ ਫਾਇਦਾ ਦਿੱਸਦਾ ਹੈ ਕਿ ਉਸ ਨੇ ਭਵਿੱਖ ਵਿੱਚ ਲਗੱਭਗ ਡੇਢ ਸੌ ਪ੍ਰਾਈਵੇਟ ਟ੍ਰੇਨਾਂ ਚਲਾਉਣ ਦੀ ਤਿਆਰੀ ਕਰ ਲਿਈ ਹੈ। ਇਨ੍ਹਾਂ ਵਿੱਚ 'ਤੇਜਸ' ਤੋਂ ਇਲਾਵਾ 'ਵੰਦੇ ਭਾਰਤ' ਵਰਗੀਆਂ ਦੇਸ਼ ਦੀਆਂ ਸਭ ਤੋਂ ਤੇਜ਼ ਸੈਮੀ ਹਾਈ ਸਪੀਡ ਪ੍ਰੀਮੀਅਮ ਟ੍ਰੇਨਾਂ ਸ਼ਾਮਲ ਹਨ। ਇਨ੍ਹਾਂ ਦੇ ਉਤਪਾਦਨ ਨੂੰ ਅਗਲੇ ਸਾਲ ਤੋਂ ਵਧਾਇਆ ਜਾਣਾ ਹੈ। ਪ੍ਰਾਈਵੇਟ ਟ੍ਰੇਨਾਂ 'ਚ ਪ੍ਰਾਈਵੇਟ ਆਪਰੇਟਰ ਨੂੰ ਕਿਰਾਇਆ ਤੈਅ ਕਰਨ ਤੋਂ ਇਲਾਵਾ ਟ੍ਰੇਨ ਦੇ ਅੰਦਰ ਆਪਣੀ ਟਿਕਟ ਚੈਕਿੰਗ, ਕੈਟਰਿੰਗ ਤੇ ਹਾਊਸਕੀਪਿੰਗ ਸਟਾਫ ਰੱਖਣ ਦੀ ਛੋਟ ਹੋਵੇਗੀ।






# ਅਮਰੀਕਾ ਵਿੱਚ ਪੀ ਆਰ ਲੈਣ ਲਈ ਹੈਲਥ ਕੇਅਰ ਦਾ ਖ਼ਰਚ ਖੁਦ ਚੁੱਕਣਾ ਪਵੇਗਾ




ਵਾਸ਼ਿੰਗਟਨ, 6 ਅਕਤੂਬਰ, (ਪੋਸਟ ਬਿਊਰੋ)- ਅਮਰੀਕਾ ਦੀ ਸਰਕਾਰ ਉਨ੍ਹਾਂ ਪਰਵਾਸੀਆਂ ਨੂੰ ਪੱਕੀ ਰਿਹਾਇਸ਼ ਦਾ ਵੀਜ਼ਾ ਨਹੀਂ ਦੇਵੇਗੀ, ਜਿਹੜੇ ਪੀ ਆਰ ਲੈਣ ਪਿੱਛੋਂ ਆਪਣੇ ਸਿਹਤ ਦੇ ਖ਼ਰਚੇ ਨਹੀਂ ਚੁੱਕ ਸਕਦੇ ਜਾਂ ਹੈਲਥ ਇੰਸ਼ੋਰੈਂਸ ਲੈਣ ਵਿੱਚ ਅਸਮਰੱਥ ਹਨ। ਵੀਜ਼ਾ ਨਿਯਮ ਸਖ਼ਤ ਕਰਨ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਦਾ ਇਕ ਮੈਨੀਫੈਸਟੋ ਵੀ ਜਾਰੀ ਕੀਤਾ ਹੈ, ਜਿਸ ਦੀ ਵਿਵਸਥਾ ਆਉਣ ਵਾਲੀ ਤਿੰਨ ਨਵੰਬਰ ਤੋਂ ਲਾਗੂ ਹੋ ਜਾਵੇਗੀ।

ਵਰਨਣ ਯੋਗ ਹੈ ਕਿ ਅਮਰੀਕਾ ਉੱਤੇ ਜਾਇਜ਼ ਅਤੇ ਨਾਜਾਇਜ਼ ਪਰਵਾਸੀਆਂ ਦਾ ਬੋਝ ਘੱਟ ਕਰਨਾ 2016 ਦੀਆਂ ਚੋਣਾਂ ਵਿੱਚ ਡੋਨਾਲਡ ਟਰੰਪ ਨੇ ਅਹਿਮ ਮੁੱਦਾ ਬਣਾਇਆ ਸੀ। ਤਾਜ਼ਾ ਕਦਮ ਨਾਲ ਜਾਇਜ਼ ਪਰਵਾਸ ਉੱਤੇ ਡੋਨਾਲਡ ਟਰੰਪ ਇੱਕ ਸ਼ਿਕੰਜਾ ਕੱਸਣ ਲੱਗੇ ਹਨ, ਜਿਸ ਨਾਲ ਕਈ ਭਾਰਤੀ ਪ੍ਰਭਾਵਤ ਹੋਣਗੇ। ਅਮਰੀਕਾ ਵਿੱਚ ਪੱਕੇ ਰਹਿਣ ਦੀ ਇਜਾਜ਼ਤ, ਯਾਨੀ ਗ੍ਰੀਨ ਕਾਰਡ ਲੈਣ ਲਈ ਪਹਿਲਾਂ ਪੀ ਆਰ ਵੀਜ਼ਾ ਲੈਣਾ ਜ਼ਰੂਰੀ ਹੈ। ਨਵਾਂ ਨਿਯਮ ਲਾਗੂ ਹੋਣ ਨਾਲ ਵੀਜ਼ਾ ਅਰਜ਼ੀ ਦੇ ਵਕਤ ਹੀ ਅਰਜ਼ੀ ਕਰਤਾ ਨੂੰ ਦੱਸਣਾ ਪਵੇਗਾ ਕਿ ਉਹ ਅਮਰੀਕਾ ਪੁੱਜਣ ਤੋਂ 30 ਦਿਨ ਦੇ ਵਿੱਚ ਆਪਣੇ ਹੈਲਥ ਕੇਅਰ ਦਾ ਖ਼ਰਚਾ ਕਿਵੇਂ ਚੁੱਕਣਗੇ। ਵ੍ਹਾਈਟ ਹਾਊਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਅਰਜ਼ੀ ਦੇਣ ਵਾਲਾ ਤਸੱਲੀ ਕਰਾਉਣ ਵਾਲਾ ਜਵਾਬ ਜਾਂ ਸਬੂਤ ਨਾ ਦੇ ਸਕੇਗਾ ਤਾਂ ਵੀਜ਼ਾ ਨਹੀਂ ਦਿੱਤਾ ਜਾਵੇਗਾ। ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਨਵੇਂ ਨਿਯਮ ਵਿਦਿਆਰਥੀ ਵੀਜ਼ਾ ਤੇ ਸ਼ਰਨਾਰਥੀਆਂ ਉੱਤੇ ਲਾਗੂ ਨਹੀਂ ਹੋਣਗੇ।

ਆਪਣੇ ਇਸ ਕਦਮ ਨੂੰ ਸਹੀ ਦੱਸਦੇ ਹੋਏ ਡੋਨਾਲਡ ਟਰੰਪ ਦਾ ਕਹਿਣਾ ਹੈ ਕਿ ਅਮਰੀਕੀ ਨਾਗਰਿਕਾਂ ਦੇ ਮੁਕਾਬਲੇ ਤਿੰਨ ਗੁਣਾ ਜਾਇਜ਼ ਪਰਵਾਸੀ ਅਜਿਹੇ ਹਨ, ਜਿਨ੍ਹਾਂ ਕੋਲ ਨਾ ਸਿਹਤ ਬੀਮਾ ਹੈ ਤੇ ਨਾ ਉਹ ਹੈਲਥ ਕੇਅਰ ਦਾ ਖ਼ਰਚ ਚੁੱਕਣ ਜੋਗੇ ਹਨ। ਇਸ ਦੀ ਪੱਖ ਵਿੱਚ ਅਧਿਕਾਰੀਆਂ ਨੇ ਕੈਸਰ ਫੈਮਿਲੀ ਫਾਊਂਡੇਸ਼ਨ ਦੇ ਅਧਿਐਨ ਦਾ ਹਵਾਲਾ ਦਿੱਤਾ ਹੈ, ਜਿਸ ਮੁਤਾਬਕ ਅੱਠ ਫ਼ੀਸਦੀ ਅਮਰੀਕੀਆਂ ਦੇ ਮੁਕਾਬਲੇ 23 ਫ਼ੀਸਦੀ ਜਾਇਜ਼ ਪਰਵਾਸੀਆਂ ਨੇ ਸਿਹਤ ਬੀਮਾ ਨਹੀਂ ਕਰਾਇਆ। ਟਰੰਪ ਨੇ ਕਿਹਾ, 'ਜਿਨ੍ਹਾਂ ਪਰਵਾਸੀਆਂ ਕੋਲ ਸਿਹਤ ਬੀਮਾ ਨਹੀਂ ਹੁੰਦਾ, ਉਹ ਸਾਡੇ ਹੈਲਥ ਕੇਅਰ ਸਿਸਟਮ, ਹਸਪਤਾਲਾਂ ਤੇ ਟੈਕਸ ਦਾਤਾਵਾਂ ਉੱਤੇ ਬੋਝ ਬਣਦੇ ਹਨ। ਇਸੇ ਲਈ ਨਿਯਮ ਵਿੱਚ ਬਦਲਾਅ ਕੀਤਾ ਹੈ।'

# ਹੱਤਿਆ ਅਤੇ ਬਲਾਤਕਾਰ ਦੇ ਦੋਸ਼ੀ ਨੂੰ ਭਾਰਤ ਨੇ ਬ੍ਰਿਟੇਨ ਦੇ ਹਵਾਲੇ ਕੀਤਾ



ਲੰਡਨ, 6 ਅਕਤੂਬਰ, (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਕਤਲ ਤੇ ਬਲਾਤਕਾਰ ਕਰ ਕੇ ਦੌੜ ਆਏ ਇੱਕ ਭਾਰਤੀ ਦੀ 10 ਸਾਲ ਬਾਅਦ ਬ੍ਰਿਟੇਨ ਨੂੰ ਹਵਾਲਗੀ ਹੋਈ ਹੈ। ਲੰਡਨ ਪਹੁੰਚਦੇ ਸਾਰ ਸਕਾਟਲੈਂਡ ਯਾਰਡ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਇਸ ਦੇ ਬਾਅਦ ਅਦਾਲਤੀ ਕਾਰਵਾਈ ਚਲਾਈ ਜਾਵੇਗੀ।

ਇਸ ਬਾਰੇ ਲੰਡਨ ਪੁਲਿਸ ਨੇ ਦੱਸਿਆ ਕਿ ਅਮਨ ਵਿਆਸ (35 ਸਾਲ) ਕੱਲ੍ਹ ਸ਼ੁੱਕਰਵਾਰ ਰਾਤ ਲੰਡਨ ਦੇ ਹੀਥਰੋ ਹਵਾਈ ਅੱਡੇ ਉੱਤੇ ਪਹੁੰਚ ਗਿਆ ਸੀ। ਉਸ ਦੇ ਖ਼ਿਲਾਫ਼ ਮਿਸ਼ੇਲ ਸਮਰਵੀਰਾ ਨਾਂ ਦੀ 35 ਸਾਲਾ ਔਰਤ ਨਾਲ ਬਲਾਤਕਾਰ ਕਰਨ ਪਿੱਛੋਂ ਉਸ ਦੇ ਕਤਲ ਦਾ ਦੋਸ਼ ਹੈ। 30 ਮਈ 2009 ਨੂੰ ਸਮਰਵੀਰਾ ਦੀ ਲਾਸ਼ ਪੂਰਬੀ ਲੰਡਨ ਦੇ ਵਾਲਥਮਸਟੋਵ ਇਲਾਕੇ ਵਿੱਚ ਇਕ ਪਾਰਕ ਵਿੱਚ ਪਈ ਮਿਲੀ ਸੀ। ਪੁਲਿਸ ਨੇ ਦੱਸਿਆ ਕਿ ਅਮਨ ਵਿਆਸ ਉੱਤੇ ਤਿੰਨ ਹੋਰ ਔਰਤਾਂ ਨਾਲ ਬਲਾਤਕਾਰ, ਸੈਕਸੀ ਹਮਲਾ, ਕਤਲ ਦੀ ਕੋਸ਼ਿਸ਼ ਤੇ ਕੁੱਟਮਾਰ ਦੇ ਨਾਲ ਜਨਤਕ ਸਥਾਨ ਉੱਤੇ ਹਥਿਆਰ ਲਿਜਾਣ ਦੇ ਦੋਸ਼ ਹਨ। ਇਹ ਸਾਰੇ ਜੁਰਮ ਉਸ ਨੇ ਲੰਡਨ ਵਿੱਚ 24 ਮਾਰਚ ਤੋਂ 30 ਮਈ 2009 ਦੌਰਾਨ ਕੀਤੇ ਸਨ। ਉਹ ਓਦੋਂ ਸਟੂਡੈਂਟ ਵੀਜ਼ਾ ਉੱਤੇ ਲੰਡਨ ਗਿਆ ਹੋਇਆ ਸੀ।

ਭਾਰਤੀ ਰਾਜ ਉੱਤਰ ਪ੍ਰਦੇਸ਼ ਵਿਚਲੇ ਮੇਰਠ ਦੇ ਵਸਨੀਕ ਅਮਨ ਵਿਆਸ ਨੂੰ 2011 ਵਿੱਚ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਹ ਥਾਈਲੈਂਡ ਜਾਣ ਦਾ ਯਤਨ ਕਰ ਰਿਹਾ ਸੀ। ਉਸ ਦੇ ਵਕੀਲ ਨੇ ਕਿਹਾ ਕਿ ਅਮਨ ਨੂੰ ਅਮੀਰ ਬਾਪ ਦਾ ਪੁੱਤਰ ਸਮਿਝਆ ਗਿਆ, ਪਰ ਉਹ ਪ੍ਰਾਇਮਰੀ ਸਕੂਲ ਦੇ ਸਾਬਕਾ ਟੀਚਰ ਦਾ ਪੁੱਤਰ ਹੈ। ਵਕੀਲ ਨੇ ਕਿਹਾ ਕਿ ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਨੂੰ ਫੜ ਕੇ ਲਿਆਉਣ ਲਈ ਵਿਆਸ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਹੈ। ਉਹ ਗ਼ਰੀਬ ਹੈ, ਇਸ ਲਈ ਭਾਰਤੀ ਅਧਿਕਾਰੀਆਂ ਨੇ ਉਸ ਦਾ ਕੇਸ ਗੰਭੀਰਤਾ ਨਾਲ ਨਹੀਂ ਲਿਆ।

# ਯੂਕ੍ਰੇਨ ਨੇ ਬਿਡੇਨ ਦੇ ਪੁੱਤਰ ਨਾਲ ਜੁੜੀਆਂ ਕੰਪਨੀਆਂ ਦੀ ਜਾਂਚ ਸ਼ੁਰੂ ਕੀਤੀ

ਕੀਵ, 6 ਅਕਤੂਬਰ (ਪੋਸਟ ਬਿਊਰੋ)- ਯੂਕ੍ਰੇਨ ਨੇ ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਦੇ ਪੁੱਤਰ ਹੰਟਰ ਨਾਲ ਜੁੜੀ ਗੈਸ ਕੰਪਨੀ ਨਾਲ ਸਬੰਧਤ ਕੇਸਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਅਸਲ ਵਿੱਚ ਯੂਕ੍ਰੇਨ ਦੇ ਪ੍ਰਸੀਕਿਊਟਰ ਜਨਰਲ ਰੁਸਲਾਨ ਰਯਬੋਸ਼ਾਪਕਾ ਨੇ ਬੀਤੇ ਦਿਨੀ ਕਿਹਾ ਸੀ ਕਿ ਇਸ ਗੱਲ ਦੀ ਘੋਖ ਕੀਤੀ ਜਾ ਰਹੀ ਹੈ ਕਿ ਕਿਨ੍ਹਾਂ ਕਾਰਨਾਂ ਕਰਕੇ ਗੈਸ ਕੰਪਨੀ ਦੇ ਖਿਲਾਫ ਮਾਮਲੇ ਬੰਦ ਕੀਤੇ ਗਏ ਸਨ। ਉਨ੍ਹਾ ਕਿਹਾ ਕਿ ਗੈਸ ਕੰਪਨੀ ਬਰਿਸਮਾ ਦੇ ਖਿਲਾਫ 15 ਕੇਸ ਸਨ, ਪਰ ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਕੇਸਾਂ ਦੇ ਤਾਰ ਬਿਡੇਨ ਦੇ ਪੁੱਤਰ ਹੰਟਰ ਨਾਲ ਜੁੜੇ ਹੋਣ। ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ ਸਾਰੇ ਕੇਸਾਂ ਦੀ ਘੋਖ ਕਰ ਰਹੇ ਹਾਂ, ਜਿਹੜੇ ਬੰਦ ਕਰ ਦਿੱਤੇ ਗਏ ਜਾਂ ਵੱਖ-ਵੱਖ ਮਾਮਲਿਆਂ 'ਚ ਵੰਡ ਦਿੱਤੇ ਗਏ ਹਨ ਤਾਂ ਜੋ ਪਤਾ ਲੱਗ ਸਕੇ ਕਿ ਕੀ ਅਜਿਹਾ ਗੈਰ ਕਾਨੂੰਨੀ ਤਰੀਕੇ ਨਾਲ ਕੀਤਾ ਗਿਆ ਸੀ।

# ਇਮਰਾਨ ਨੇ ਮਕਬੂਜ਼ਾ ਕਸ਼ਮੀਰ ਦੇ ਲੋਕਾਂ ਨੂੰ ਕੰਟਰੋਲ ਰੇਖਾ ਟੱਪਣ ਤੋਂ ਵਰਜਿਆ

ਇਸਲਾਮਾਬਾਦ, 6 ਅਕਤੂਬਰ (ਪੋਸਟ ਬਿਊਰੋ)- ਭਾਰਤ ਵਿੱਚ ਸਰਹੱਦ ਪਾਰ ਤੋਂ ਹੁੰਦੀ ਘੁਸਪੈਠ ਦੇ ਦੋਸ਼ਾਂ ਨੂੰ ਰੱਦ ਕਰਨ ਵਾਲੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੇ ਕੱਲ੍ਹ ਖੁਦ ਹੀ ਇਸ ਨੂੰ ਮੰਨ ਲਿਆ ਹੈ।

ਇਮਰਾਨ ਖਾਨ ਨੇ ਟਵੀਟ ਕਰ ਕੇ ਪਾਕਿਸਤਾਨੀ ਕਬਜ਼ੇ ਵਾਲੇ (ਮਕਬੂਜ਼ਾ) ਕਸ਼ਮੀਰ ਦੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਲਿਖਿਆ ਹੈ ਕਿ ਆਜ਼ਾਦ ਜੰਮੂ ਕਸ਼ਮੀਰ ਵਿੱਚ ਲੋਕਾਂ ਦਾ ਗੁੱਸਾ ਮੈਂ ਸਮਝਦਾ ਹਾਂ। ਉਨ੍ਹਾਂ ਨੂੰ ਸਰਹੱਦ ਪਾਰ ਰਹਿਣ ਵਾਲੇ ਆਪਣੇ ਸਾਥੀਆਂ ਦੀ ਚਿੰਤਾ ਹੈ, ਪਰ ਕਿਸੇ ਵੀ ਵਿਅਕਤੀ ਦਾ ਮਨੁੱਖੀ ਮਦਦ ਲਈ ਕੰਟਰੋਲ ਰੇਖਾ ਪਾਰ ਕਰਨਾ ਭਾਰਤ ਦੇ ਦੋਸ਼ਾਂ ਨੂੰ ਮਜ਼ਬੂਤ ਕਰੇਗਾ। ਆਪਣੇ ਇਸ ਟਵੀਟ ਵਿੱਚ ਇਮਰਾਨ ਖਾਨ ਨੇ ਭਾਵੇਂ ਮਨੁੱਖੀ ਸਹਾਇਤਾ ਦੀ ਗੱਲ ਕਹੀ ਹੈ, ਪਰ ਸਭ ਨੂੰ ਪਤਾ ਹੈ ਕਿ ਸਰਹੱਦ ਪਾਰੋਂ ਮਨੁੱਖੀ ਮਦਦ ਨਹੀਂ, ਅੱਤਵਾਦੀ ਘੁਸਪੈਠ ਹੁੰਦੀ ਹੈ। ਇਸ ਤਰ੍ਹਾਂ ਇਮਰਾਨ ਨੇ ਮੰਨਿਆ ਹੈ ਕਿ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਤੋਂ ਭਾਰਤ ਵਿੱਚ ਘੁਸਪੈਠ ਹੁੰਦੀ ਰਹੀ ਹੈ, ਪਰ ਸੰਸਾਰ ਪੱਧਰ ਉਤੇ ਆਪਣੇ ਅਕਸ ਨੂੰ ਬਚਾਉਣ ਲਈ ਉਹ ਚੌਕਸ ਹੈ। ਇਮਰਾਨ ਖਾਨ ਨੇ ਇੱਕ ਹੋਰ ਟਵੀਟ 'ਚ ਲਿਖਿਆ ਕਿ ਜੇ ਤੁਸੀਂ ਸਰਹੱਦ ਪਾਰ ਕਰਦੇ ਹੋ ਤਾਂ ਇਸ ਨਾਲ ਭਾਰਤ ਦੇ ਪਾਕਿਸਤਾਨੀ ਇਸਲਾਮਕ ਅੱਤਵਾਦ ਦੇ ਏਜੰਡੇ ਨੂੰ ਮਜ਼ਬੂਤੀ ਮਿਲੇਗੀ।

ਵਰਨਣ ਯੋਗ ਹੈ ਕਿ ਬੀਤੀ ਪੰਜ ਅਗਸਤ ਨੂੰ ਭਾਰਤ ਨੇ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਨੂੰ ਖਤਮ ਕਰ ਦਿੱਤਾ ਸੀ, ਜਿਸ ਬਾਰੇ ਪਾਕਿਸਤਾਨ ਨੇ ਯੂ ਐੱਨ ਓ ਸਮੇਤ ਸਾਰੇ ਦੇਸ਼ਾਂ ਸਾਹਮਣੇ ਮਨੁੱਖੀ ਅਧਿਕਾਰ ਦਾ ਮੁੱਦਾ ਚੁੱਕਿਆ ਸੀ, ਪਰ ਉਸ ਨੂੰ ਹਰ ਥਾਂ ਨਿਰਾਸ਼ਾ ਮਿਲੀ।

# ਥਾਈਲੈਂਡ ਦੇ ਜੱਜ ਵੱਲੋਂ ਅਦਾਲਤ ਵਿੱਚ ਗੋਲ਼ੀ ਮਾਰ ਕੇ ਖੁਦਕੁਸ਼ੀ ਦੀ ਕੋਸ਼ਿਸ਼

ਬੈਂਕਾਕ, 6 ਅਕਤੂਬਰ, (ਪੋਸਟ ਬਿਊਰੋ)- ਥਾਈਲੈਂਡ ਦੇ ਇਕ ਜੱਜ ਨੇ ਭਰੀ ਅਦਾਲਤ ਵਿਚ ਆਪਣੇ ਆਪ ਨੂੰ ਗੋਲ਼ੀ ਮਾਰ ਲਈ। ਇਸ ਤੋਂ ਠੀਕ ਪਹਿਲਾਂ ਯਾਲਾ ਅਦਾਲਤ ਦੇ ਜੱਜ ਕਾਨਕੋਰਨ ਪਿਯਾਤਚਨਾ ਨੇ ਕਤਲ ਦੇ ਪੰਜ ਮੁਸਲਿਮ ਦੋਸ਼ੀਆਂ ਨੂੰ ਛੱਡ ਦਿੱਤਾ ਸੀ। ਫਿਰ ਉਨ੍ਹਾਂ ਨੇ ਦੇਸ਼ ਦੀ ਨਿਆਂ ਵਿਵਸਥਾ ਦੀ ਨਿੰਦਾ ਕਰਦੇ ਹੋਏ ਭਾਸ਼ਣ ਦਿੱਤਾ ਤੇ ਇਹ ਭਾਸ਼ਣ ਫੇਸਬੁੱਕ ਉੱਤੇ ਲਾਈਵ ਵੀ ਕੀਤਾ। ਇਸ ਵੇਲੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ ਤੇ ਉਹ ਖ਼ਤਰੇ ਤੋਂ ਬਾਹਰ ਹਨ।

ਵਰਨਣ ਯੋਗ ਹੈ ਕਿ ਇਸ ਦੇਸ਼ ਦੀ ਨਿਆਂ ਵਿਵਸਥਾ ਉੱਤੇ ਪਹਿਲਾਂ ਵੀ ਸਵਾਲ ਉਠਦੇ ਰਹੇ ਹਨ ਤੇ ਆਲੋਚਕਾਂ ਦਾ ਕਹਿਣਾ ਹੈ ਕਿ ਥਾਈਲੈਂਡ ਦੀਆਂ ਅਦਾਲਤਾਂ ਕਈ ਵਾਰ ਅਮੀਰ ਅਤੇ ਸ਼ਕਤੀਸ਼ਾਲੀ ਲੋਕਾਂ ਦੇ ਹੱਕ ਵਿਚ ਕੰਮ ਕਰਦੀਆਂ ਤੇ ਆਮ ਲੋਕਾਂ ਨੂੰ ਛੋਟੇ ਅਪਰਾਧਾਂ ਵਿੱਚ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ। ਫਿਰ ਵੀ ਪਹਿਲੀ ਵਾਰ ਕਿਸੇ ਜੱਜ ਨੇ ਨਿਆਂ ਵਿਵਸਥਾ ਉੱਤੇ ਸਵਾਲ ਉਠਾਇਆ ਹੈ। ਸ਼ੁੱਕਰਵਾਰ ਆਪਣੀ ਛਾਤੀ ਵਿਚ ਗੋਲ਼ੀ ਮਾਰਨ ਤੋਂ ਪਹਿਲਾਂ ਇਸ ਜੱਜ ਨੇ ਕਿਹਾ, 'ਕਿਸੇ ਨੂੰ ਸਜ਼ਾ ਦੇਣ ਲਈ ਸਪੱਸ਼ਟ ਤੇ ਪੁਖ਼ਤਾ ਸਬੂਤ ਚਾਹੀਦੇ ਹਨ। ਇਸ ਲਈ ਜੇ ਤੁਹਾਨੂੰ ਸ਼ੱਕ ਹੈ ਤਾਂ ਕਿਸੇ ਨੂੰ ਸਜ਼ਾ ਨਾ ਦਿਓ। ਮੈਂ ਨਹੀਂ ਕਹਿੰਦਾ ਕਿ ਪੰਜਾਂ ਦੋਸ਼ੀਆਂ ਨੇ ਕੋਈ ਜ਼ੁਰਮ ਨਹੀਂ ਕੀਤਾ, ਪਰ ਨਿਆਂ ਪ੍ਰਕਿਰਿਆ ਪਾਰਦਰਸ਼ੀ ਤੇ ਸਬੂਤਾਂ ਵਾਲੀ ਹੋਣੀ ਚਾਹੀਦੀ ਹੈ।' ਇਸ ਤੋਂ ਬਾਅਦ ਫੇਸਬੁੱਕ ਲਾਈਵ ਬੰਦ ਹੋ ਗਿਆ। ਕਈ ਪ੍ਰਤੱਖ ਦਰਸ਼ੀਆਂ ਦਾ ਕਹਿਣਾ ਹੈ ਕਿ ਛਾਤੀ ਵਿਚ ਗੋਲ਼ੀ ਮਾਰਨ ਤੋਂ ਪਹਿਲਾਂ ਜੱਜ ਨੇ ਦੇਸ਼ ਵਿਚ ਸਾਬਕਾ ਸਮਰਾਟ ਦੀ ਫੋਟੋ ਸਾਹਮਣੇ ਕਾਨੂੰਨੀ ਸਹੁੰ ਦੁਹਰਾਈ। ਨਿਆਂ ਵਿਭਾਗ ਦੇ ਬੁਲਾਰੇ ਸੁਰਿਯਾਨ ਹੋਂਗਵਿਲਾਈ ਨੇ ਕਿਹਾ, 'ਜੱਜ ਨੇ ਸ਼ਾਇਦ ਨਿੱਜੀ ਚਿੰਤਾ ਹੇਠ ਇਹ ਕਦਮ ਚੁੱਕਿਆ ਹੈ, ਪਰ ਚਿੰਤਾ ਦਾ ਕਾਰਨ ਸਪੱਸ਼ਟ ਨਹੀਂ ਹੈ। ਇਸ ਦਾ ਪਤਾ ਲਾਉਣ ਲਈ ਜਾਂਚ ਕੀਤੀ ਜਾਵੇਗੀ।'

## ਰਿਪੋਰਟ ਵਿੱਚ ਦਾਅਵਾ:

# ਮਲੀਹਾ ਦੀ ਹਿੰਦੂ ਨੂੰਹ ਕਾਰਨ ਉਸ ਨੂੰ ਯੂ ਐੱਨ ਤੋਂ ਹਟਾਇਐ

ਰਿਆਦ, 6 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਨੇ ਪਿੱਛੇ ਜਿਹੇ ਯੂ ਐਨ ਵਿਚਲੀ ਆਪਣੀ ਸਥਾਈ ਦੂਤ ਮਲੀਹਾ ਲੋਧੀ ਨੂੰ ਹਟਾ ਕੇ ਉਸ ਦੀ ਥਾਂ ਮੁਨੀਰ ਅਕਰਮ ਨੂੰ ਨਿਯੁਕਤ ਕੀਤਾ ਹੈ। ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮਲੀਹਾ ਲੋਧੀ ਦੇ ਪੁੱਤਰ ਨੇ ਭਾਰਤੀ ਮੂਲ ਦੀ ਹਿੰਦੂ ਲੜਕੀ ਨਾਲ ਵਿਆਹ ਕੀਤਾ ਹੈ। ਉਨ੍ਹਾਂ ਨੂੰ ਹਟਾਉਣ ਦੇ ਪਿੱਛੇ ਇਹ ਸਭ ਤੋਂ ਵੱਡਾ ਕਾਰਨ ਦੱਸਿਆ ਜਾਂਦਾ ਹੈ। ਕਸ਼ਮੀਰ ਵਿੱਚ ਧਾਰਾ 370 ਹਟਾਉਣ ਦੇ ਬਾਅਦ ਤੋਂ ਭਾਰਤ ਤੇ ਪਾਕਿਸਤਾਨ ਦੇ ਸੰਬੰਧ ਵਿੱਚ ਤਲਖੀ ਕਾਰਨ ਮਲੀਹਾ ਦੀ ਹਿੰਦੂ ਨੂੰਹ ਦਾ ਮੁੱਦਾ ਵੀ ਉੱਠ ਪਿਆ ਹੈ। ਇਸ ਰਿਪੋਰਟ ਵਿੱਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਮਲੀਹਾ ਨੂੰ ਸੁਰੱਖਿਆ ਖਤਰੇ ਦੇ ਤੌਰ 'ਤੇ ਦੇਖਿਆ ਗਿਆ ਸੀ। ਯੂ ਐੱਨ ਵਿੱਚ ਮਲੀਹਾ ਦੇ ਪ੍ਰਦਰਸ਼ਨ ਨੂੰ ਨਿੱਜੀ ਜੀਵਨ ਦੇ ਆਧਾਰ 'ਤੇ ਦੇਖਿਆ ਜਾ ਰਿਹਾ ਸੀ। ਪੁੱਤਰ ਦੇ ਹਿੰਦੂ ਲੜਕੀ ਨਾਲ ਵਿਆਹ ਬਾਰੇ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਮਲੀਹਾ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਮਲੀਹਾ ਨੂੰ ਗੱਦਾਰ ਕਹਿ ਕੇ ਹਿਤਾਂ ਦੇ ਟਕਰਾਅ ਦੇ ਦੋਸ਼ ਵੀ ਲਾਏ ਗਏ। ਕੁਝ ਲੋਕਾਂ ਨੇ ਮਲੀਹਾ ਨੂੰ ਭਾਰਤ ਦੀ ਏਜੰਟ ਵੀ ਕਰਾਰ ਦੇ ਦਿੱਤਾ। ਇਸ ਦੇ ਬਾਵਜੂਦ ਮਲੀਹਾ ਲੋਧੀ ਨੇ ਆਪਣੇ ਬੇਟੇ ਦੇ ਵਿਆਹ ਦੇ ਬਾਰੇ ਜਨਤਕ ਤੌਰ ਉਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਇਸ ਸਾਲ ਯੂ ਐੱਨ ਜਨਰਲ ਅਸੈਂਬਲੀ ਸੈਸ਼ਨ ਦੇ ਬਾਅਦ ਵਾਪਸ ਮੁੜਨ ਦੀ ਯੋਜਨਾ ਬਣਾ ਰਹੀ ਸੀ।

ਅਸਲ ਵਿੱਚ 2003 ਵਿੱਚ ਲੰਡਨ ਵਿੱਚ ਪਾਕਿ ਹਾਈ ਕਮਿਸ਼ਨਰ ਬਣਨ ਦੇ ਬਾਅਦ ਇੱਕ ਅਖ਼ਬਾਰ ਨੂੰ ਮਲੀਹਾ ਨੇ ਕਿਹਾ ਸੀ ਕਿ ਉਹ ਆਪਣੇ ਬੇਟੇ ਦਾ ਵਿਆਹ ਕਿਸੇ ਪਾਕਿਸਤਾਨੀ ਮੁਸਲਿਮ ਕੁੜੀ ਨਾਲ ਕਰਨਾ ਚਾਹੁੰਦੀ ਹੈ। ਪਾਕਿ-ਸਤਾਨ ਨੇ ਸਫਾਈ ਦਿੱਤੀ ਹੈ ਕਿ ਮਲੀਹਾ ਲੋਧੀ ਨੂੰ ਹਟਾਇਆ ਨਹੀਂ ਗਿਆ, ਬਲਕਿ ਉਨ੍ਹਾਂ ਦੀ ਟਰਮ ਪੂਰੀ ਹੋਣ ਦੇ ਕਾਰਨ ਮੁਨੀਰ ਅਕਰਮ ਨੂੰ ਉਸ ਦੀ ਜਗ੍ਹਾ ਨਿਯੁਕਤ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਯੂ ਐੱਨ ਜਨਰਲ ਅਸੈਂਬਲੀ ਤੋਂ ਮੁੜਨ ਦੇ ਅਗਲੇ ਹੀ ਦਿਨ ਮਲੀਹਾ ਦੀ ਜਗ੍ਹਾ ਅਕਰਮ ਨੂੰ ਨਿਯੁਕਤ ਕਰ ਦਿੱਤਾ ਸੀ। ਮਲੀਹਾ ਲੋਧੀ ਦੇ ਬੇਟੇ ਫੈਸਲ ਨੇ ਭਾਰਤੀ ਮੂਲ ਦੀ ਹਿੰਦੂ ਲੜਕੀ ਗੌਰਿਕਾ ਗੰਭੀਰ ਨਾਲ ਵਿਆਹ ਕੀਤਾ ਹੈ। ਗੌਰਿਕਾ ਦਿੱਲੀ ਦੀ ਅਤੇ ਏ ਬੀ ਐੱਨ ਐਮਰੋ ਅਤੇ ਐੱਚ ਐੱਸ ਬੀ ਸੀ ਬੈਂਕ ਵਿੱਚ ਰਹਿ ਚੁੱਕੀ ਹੈ। ਕੋਲੰਬੀਆ ਯੂਨੀਵਰਸਿਟੀ ਤੋਂ ਪੜ੍ਹਨ ਵਾਲੀ ਗੌਰਿਕਾ ਅਤੇ ਫੈਸਲ ਦੇ ਵਿਆਹ ਦੇ ਪੁਰਾਣੇ ਫੋਟੋ ਪਿਛਲੇ ਮਹੀਨੇ ਤੋਂ ਸ਼ੇਅਰ ਕੀਤੇ ਜਾ ਰਹੇ ਹਨ।

# ਰੂਸ ਵਿੱਚ ਹੀਰੇ ਦੇ ਅੰਦਰੋਂ ਹੋਰ ਹੀਰਾ ਮਿਲਿਆ



ਮਾਸਕੋ, 6 ਅਕਤੂਬਰ (ਪੋਸਟ ਬਿਊਰੋ)- ਸਾਈਬੇਰੀਆ ਦੀ ਇੱਕ ਮਾਈਨ ਵਿੱਚ ਇੱਕ ਹੀਰੇ ਦੇ ਅੰਦਰ ਇੱਕ ਹੋਰ ਹੀਰਾ ਮਿਲਿਆ ਹੈ। ਇਤਿਹਾਸ ਵਿੱਚ ਇਸ ਤਰ੍ਹਾਂ ਦੀ ਇਹ ਆਪਣੀ ਕਿਸਮ ਦੀ ਪਹਿਲੀ ਘਟਨਾ ਹੈ।

ਰੂਸ ਦੀ ਮਾਈਨਿੰਗ ਕੰਪਨੀ ਅਲਰੋਸਾ ਪੀ ਜੇ ਐੱਸ ਸੀ ਨੇ ਕੱਲ੍ਹ ਇੱਕ ਬਿਆਨ ਵਿੱਚ ਕਿਹਾ ਹੈ ਕਿ ਨਵਾਂ ਮਿਲਿਆ ਹੀਰਾ ਅੱਸੀ ਕਰੋੜ ਸਾਲ ਤੋਂ ਵੱਧ ਪੁਰਾਣਾ ਹੋ ਸਕਦਾ ਹੈ। ਸਮਾਚਾਰ ਏਜੰਸੀ ਮੁਤਾਬਕ ਮੈਟ੍ਰੀਓਸ਼ਕਾ ਹੀਰੇ ਦਾ ਭਾਰ 0.62 ਕੈਰੇਟ ਅਤੇ ਇਸ ਦੇ ਅੰਦਰਲੇ ਦੇ ਪੱਥਰ ਦਾ ਭਾਰ 0.02 ਕੈਰਟ ਹੈ।

ਅਲਰੋਸਾ ਦੇ ਰਿਸਰਚ ਐਂਡ ਡਿਵੈਲਪਮੈਂਟ ਜਿਓਲਾਜੀਕਲ ਇੰਟਰਪਰਾਈਜ਼ ਨੇ ਕਿਹਾ ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਵਿਸ਼ਵ ਪੱਧਰ ਉੱਤੇ ਹੀਰਿਆਂ ਦੀ ਖੁਦਾਈ ਦੇ ਇਤਿਹਾਸ ਵਿੱਚ ਅਜੇ ਤੱਕ ਇਹੋ ਜਿਹਾ ਹੀਰਾ ਨਹੀਂ ਮਿਲਿਆ, ਇਹ ਅਸਲ 'ਚ ਕੁਦਰਤ ਦੀ ਅਨੋਖੀ ਰਚਨਾ ਹੈ। ਆਮ ਤੌਰ 'ਤੇ ਕੁਝ ਮਿਨਰਲ ਕੁਆਲਿਟੀ ਦੇ ਬਣੇ ਬਿਨਾਂ ਦੂਜੇ ਵੱਲੋਂ ਸਥਾਪਤ ਕੀਤੇ ਜਾਂਦੇ ਹਨ। ਹੀਰਾ ਸਾਈਬੇਰੀਆ ਖੇਤਰ ਯਕੂਸ਼ਿਯਾ ਦੇ ਨਿਊਰਬਾ ਖਾਨ ਤੋਂ ਮਿਲਿਆ ਹੈ, ਪਰ ਇਸ ਨੂੰ ਯਾਕੁਤਸਕ ਡਾਇਮੰਡ ਟ੍ਰੇਂਡ ਇੰਟਰਪ੍ਰਾਈਜ਼ਿਜ਼ ਨੇ ਤਰਾਸ਼ਿਆ, ਜਿਸ ਨੇ ਕੀਮਤੀ ਪੱਥਰ ਦੀ ਕੁਦਰਤੀ ਖੋਜ ਕੀਤੀ ਤੇ ਵਿਸ਼ਲੇਸ਼ਣ ਲਈ ਰਿਸਰਚ ਐਂਡ ਡਿਵੈਲਪਮੈਂਟ ਜਿਓਲਾਜੀਕਲ ਇੰਟਰਪਰਾਈਜ਼ ਨੂੰ ਦੇ ਦਿੱਤਾ।


FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE*
*INDEPENDENTLY OWNED AND OPERATED

63 Talbot Street / BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street / BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com



MICHELIN | Hankook | Continental | ROADLUX | BFGoodrich | AEOLUS | COMPASAL



Chevron Delo
Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each


4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ

1715 Sismet Rd, Mississauga | Call Ranjit: 416.624.8351 | Tel: 905.625.0055

## ਠਾਠ ਨਾਨਕਸਰ ਦੇ ਰਿਹਾਇਸ਼ੀ ਕਮਰੇ ਵਿੱਚ ਔਰਤ ਦਾ ਕਤਲ




ਜਗਰਾਉਂ, 6 ਅਕਤੂਬਰ (ਪੋਸਟ ਬਿਊਰੋ)- ਠਾਠ ਨਾਨਕਸਰ ਜਗਰਾਉਂ ਦੇ ਲੰਗਰ ਹਾਲ ਦੇ ਉਪਰਲੇ ਰਿਹਾਇਸ਼ੀ ਕਮਰੇ ਤੋਂ ਇੱਕ ਔਰਤ ਦੀ ਲਾਸ਼ ਮਿਲੀ ਹੈ, ਜਿਸ ਦਾ ਕਤਲ ਕੀਤਾ ਗਿਆ ਹੈ।

ਡੀ ਐਸ ਪੀ ਗੁਰਦੀਪ ਸਿੰਘ ਗੋਸਲ ਨੇ ਦੱਸਿਆ ਕਿ ਠਾਠ ਨਾਨਕਸਰ ਦੇ ਸੇਵਾਦਾਰਾਂ ਨੇ ਪੁਲਸ ਨੂੰ ਸੂਚਨਾ ਦਿੱਤੀ ਕਿ ਠਾਠ ਵਿੱਚ ਬਣੇ ਇੱਕ ਕਮਰੇ ਵਿੱਚ ਇੱਕ ਔਰਤ, ਜਿਸ ਦੇ ਲਾਲ ਰੰਗ ਦੀ ਸਲਵਾਰ ਅਤੇ ਗੇਰੂਆ ਰੰਗ ਦਾ ਕਮੀਜ਼ ਪਹਿਨਿਆ ਹੋਇਆ ਹੈ, ਦੀ ਲਾਸ਼ ਪਈ ਹੈ। ਇਸ ਪਿੱਛੋਂ ਉਹ ਅਤੇ ਥਾਣਾ ਸੀਟੀ ਦੀ ਪੁਲਸ ਘਟਨਾ ਸਥਾਨ 'ਤੇ ਪੁੱਜੇ। ਲਾਸ਼ ਵੇਖਣ ਤੋਂ ਪਤਾ ਲੱਗਾ ਕਿ ਔਰਤ ਦੇ ਸਿਰ ਵਿੱਚ ਤੇਜ਼ਧਾਰ ਹਥਿਆਰ ਨਾਲ ਵਾਰ ਕਰਕੇ ਕਤਲ ਕੀਤਾ ਗਿਆ ਹੈ। ਪੁਲਸ ਦੀ ਜਾਂਚ ਦੌਰਾਨ ਮ੍ਰਿਤਕ ਔਰਤ ਦੀ ਪਛਾਣ ਗੁਰਜੀਤ ਕੌਰ ਵਾਸੀ ਪੀਰ ਨਿਗਾਹਾ ਰੋਡ ਮੋਗਾ ਵਜੋਂ ਹੋਈ ਹੈ, ਜੋ ਕੱਲ੍ਹ ਦੁਪਹਿਰ ਨਾਨਕਸਰ ਵਿਖੇ ਆਪਣੇ ਦੋਸਤ ਕੁਲਜੀਪ ਸਿੰਘ ਪਿੰਡ ਤਲਵੰਡੀ ਪੰਗੇਰੀਆਂ (ਮੋਗਾ), ਜਿਹੜਾ ਨਾਨਕਸਰ ਵਿੱਚ ਹੀ ਦੇਸੀ ਦਵਾਈਆਂ ਦੀ ਫੜ੍ਹੀ ਲਾਉਂਦਾ ਹੈ, ਕੋਲ ਗਈ ਸੀ ਅਤੇ ਉਸ ਦਾ ਕਤਲ ਹੋ ਗਿਆ ਹੈ। ਪੁਲਸ ਅਨੁਸਾਰ ਕੁਲਦੀਪ ਸਿੰਘ ਨਾਨਕਸਰ ਹੀ ਰਹਿੰਦਾ ਤੇ ਸ਼ਾਦੀਸ਼ੁਦਾ ਹੈ। ਗੁਰਜੀਤ ਕੌਰ ਦੇ ਪਿਤਾ ਬਲਦੇਵ ਦੇ ਬਿਆਨਾਂ 'ਤੇ ਕੁਲਦੀਪ ਸਿੰਘ ਦੇ ਖਿਲਾਫ ਕੇਸ ਦਰਜ ਕਰਨ ਮਗਰੋਂ ਉਸ ਦੀ ਭਾਲ ਵਿੱਚ ਛਾਪੇ ਮਾਰੇ, ਪਰ ਕੋਈ ਸੁਰਾਗ ਹੱਥ ਨਹੀਂ ਲੱਗਾ।

## ਪੰਜਾਬ ਸਰਕਾਰ ਨੂੰ ਕਲੋਜ਼ਰ ਰਿਪੋਰਟ ਦੀ ਕਾਪੀ ਦੇਣ ਲਈ ਕੋਰਟ ਵੱਲੋਂ ਸੀ ਬੀ ਆਈ ਨੂੰ ਆਦੇਸ਼

ਚੰਡੀਗੜ੍ਹ, 6 ਅਕਤੂਬਰ, (ਪੋਸਟ ਬਿਊਰੋ)- ਚਾਰ ਸਾਲ ਪਹਿਲਾਂ ਪੰਜਾਬ ਵਿੱਚ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਦੀ ਜਾਂਚ ਬਾਰੇ ਸੀ ਬੀ ਆਈ ਅਦਾਲਤ ਨੂੰ ਪੇਸ਼ ਕੀਤੀ ਕਲੋਜ਼ਰ ਰਿਪੋਰਟ ਦੀ ਕਾਪੀ ਪੰਜਾਬ ਸਰਕਾਰ ਨੂੰ ਦੇਣ ਤੋਂ ਸੀ ਬੀ ਆਈ ਦੇ ਇਤਰਾਜ਼ ਨੂੰ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ ਰੱਦ ਕਰ ਦਿੱਤਾ ਹੈ।

ਬਰਗਾੜੀ ਬੇਅਦਬੀ ਕੇਸ ਦੀ ਜਾਂਚ ਵਿੱਚ ਪੰਜਾਬ ਸਰਕਾਰ ਵੱਲੋਂ ਕਲੋਜ਼ਰ ਰਿਪੋਰਟ ਮੰਗਣ ਉੱਤੇ ਸੀ ਬੀ ਆਈ ਨੇ ਪੰਜਾਬ ਸਰਕਾਰ ਨੂੰ ਸਟਰੇਂਜਰ (ਅਜਨਬੀ) ਕਹਿ ਕੇ ਇਨਕਾਰ ਕੀਤਾ ਸੀ। ਇਸ ਦਲੀਲ ਨੂੰ ਸਿਰੇ ਤੋਂ ਰੱਦ ਕਰ ਕੇ ਵਿਸ਼ੇਸ਼ ਸੀ ਬੀ ਆਈ ਜੱਜ ਨਿਰਭੈ ਸਿੰਘ ਨੇ ਕਿਹਾ ਕਿ ਨਿਯਮਾਂ ਹੇਠ ਅਪਰਾਧਿਕ ਕੇਸਾਂ ਵਿੱਚ ਅਜਨਬੀ ਲੋਕ ਵੀ ਚਲਾਣ ਦੀ ਕਾਪੀ ਲੈ ਸਕਦੇ ਹਨ ਤੇ ਇਸ ਕੇਸ ਵਿੱਚ ਪੰਜਾਬ ਸਰਕਾਰ ਦੀ ਹੈਸੀਅਤ ਹਰ ਹਾਲ ਅਜਨਬੀ ਤੋਂ ਬਿਹਤਰ ਮੰਨੀ ਜਾ ਸਕਦੀ ਹੈ। ਬੇਅਦਬੀ ਕੇਸਾਂ ਦੀ ਜਾਂਚ ਬਾਰੇ ਪੰਜਾਬ ਸਰਕਾਰ ਅਤੇ ਸੀ ਬੀ ਆਈ ਵਿਚਾਲੇ ਚੱਲਦੀ ਲਗਾਤਾਰ ਜਾਰੀ ਖਿੱਚੋਤਾਣ ਦੌਰਾਨ ਵਿਸ਼ੇਸ਼ ਜੱਜ ਨੇ ਰਾਜ ਸਰਕਾਰ ਦੀ ਨਜ਼ਰਸਾਨੀ ਪਟੀਸ਼ਨ ਪ੍ਰਵਾਨ ਕਰ ਲਈ, ਜਿਸ ਵਿਚ ਰਾਜ ਸਰਕਾਰ ਨੇ ਸੀ ਬੀ ਆਈ ਦੇ ਵਿਸ਼ੇਸ਼ ਜੁਡੀਸ਼ਲ ਮੈਜਿਸਟ੍ਰੇਟ ਦੇ 23 ਜੁਲਾਈ ਦੇ ਆਦੇਸ਼ ਰੱਦ ਕਰਨ ਦੀ ਮੰਗ ਕੀਤੀ ਸੀ। ਇਸ ਹੁਕਮ ਵਿੱਚ ਵਿਸ਼ੇਸ਼ ਜੁਡੀਸ਼ਲ ਮੈਜਿਸਟ੍ਰੇਟ ਨੇ ਪੰਜਾਬ ਸਰਕਾਰ ਨੂੰ ਕਲੋਜ਼ਰ ਰਿਪੋਰਟ ਦੀ ਕਾਪੀ ਦੇਣ ਤੋਂ ਨਾਂਹ ਕੀਤੀ ਸੀ। ਆਪਣੇ ਹੁਕਮ ਵਿੱਚ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ ਸਪੈਸ਼ਲ ਮੈਜਿਸਟ੍ਰੇਟ ਨੂੰ ਕਲੋਜ਼ਰ ਰਿਪੋਰਟ ਅਤੇ ਇਸ ਦੇ ਨਾਲ ਨੱਥੀ ਸਾਰੇ ਦਸਤਾਵੇਜ਼ ਪੰਜਾਬ ਸਰਕਾਰ ਨੂੰ ਦੇਣ ਦੇ ਲਈ ਅੱਜ ਇੱਕ ਨਵਾਂ ਆਦੇਸ਼ ਦਿੱਤਾ ਹੈ।

ਇਸ ਕੇਸ ਵਿੱਚ ਪੰਜਾਬ ਦੇ ਵਿਸ਼ੇਸ਼ ਵਕੀਲ ਰਾਜੇਸ਼ ਸਲਵਾਨ ਅਤੇ ਸੰਜੀਵ ਬੱਤਰਾ ਦੀਆਂ ਦਲੀਲਾਂ ਨੂੰ ਮੰਨਦੇ ਹੋਏ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ ਤਾਜ਼ਾ ਹੁਕਮਾਂ ਵਿਚ ਕਿਹਾ ਹੈ ਕਿ 'ਪੰਜਾਬ ਸਿਵਲ ਐਂਡ ਕ੍ਰਿਮੀਨਲ ਕੋਰਟਸ ਪ੍ਰੈਪਰੇਸ਼ਨ ਐਂਡ ਸਪਲਾਈ ਆਫ ਕਾਪੀਜ਼ ਆਫ ਰਿਕਾਰਡ ਰੂਲਜ਼ 1965' ਦੇ ਅਧੀਨ ਕਿਸੇ ਵੀ ਅਪਰਾਧਿਕ ਕੇਸ ਵਿੱਚ ਸਬੰਧਤ ਧਿਰ ਚਲਾਨ ਤੇ ਹੋਰ ਦਸਤਾਵੇਜ਼ ਲੈਣ ਦੇ ਹੱਕਦਾਰ ਹੁੰਦੀ ਹੈ ਅਤੇ ਅਪਰਾਧਿਕ ਕੇਸਾਂ ਵਿਚ ਕੋਈ ਬਾਹਰਲਾ ਵਿਅਕਤੀ ਵੀ ਇਨ੍ਹਾਂ ਦਸਤਾਵੇਜ਼ਾਂ ਨੂੰ ਵਾਜਬ ਕਾਰਨ ਦੱਸ ਕੇ ਇਹ ਦਸਤਵੇਜ਼ ਲੈ ਸਕਦਾ ਹੈ। ਜੱਜ ਨੇ ਇਸ ਫ਼ੈਸਲੇ ਵਿਚ ਕਿਹਾ ਕਿ ਇਹ ਕੋਈ ਐਸਾ ਕੇਸ ਨਹੀਂ, ਜਿਸ ਵਿਚ ਕਲੋਜ਼ਰ ਰਿਪੋਰਟ ਤੇ ਇਸ ਨਾਲ ਨੱਥੀ ਦਸਤਾਵੇਜ਼ਾਂ ਨੂੰ ਗੁਪਤ ਕਿਹਾ ਜਾਵੇ। ਇਸ ਤੋਂ ਬਿਨਾ ਇਸ ਕੇਸ ਵਿੱਚ ਸੀ ਬੀ ਆਈ ਨੇ ਹਾਲੇ ਟਰਾਇਲ ਕੋਰਟ ਵਿੱਚ ਸੀ ਆਰ ਪੀ ਸੀ ਦੀ ਧਾਰਾ 173(6) ਹੇਠ ਪੇਸ਼ ਹੋਣ ਵਾਲੇ ਦਸਤਾਵੇਜ਼ਾਂ ਨੂੰ ਸ਼ਿਕਾਇਤ ਕਰਤਾਵਾਂ ਜਾਂ ਮੁਲਜ਼ਮ ਨੂੰ ਨਾ ਦਿਖਾਉਣ ਲਈ ਅਰਜ਼ੀ ਵੀ ਦਾਇਰ ਨਹੀਂ ਸੀ ਕੀਤੀ।

## ਪਤਨੀ ਨੂੰ ਗੋਲੀ ਮਾਰਨ ਪਿੱਛੋਂ ਸਹਾਇਕ ਥਾਣੇਦਾਰ ਵੱਲੋਂ ਖੁਦਕੁਸ਼ੀ, ਪਤਨੀ ਗੰਭੀਰ

ਤਲਵੰਡੀ, 6 ਅਕਤੂਬਰ (ਪੋਸਟ ਬਿਊਰੋ)- ਤਲਵੰਡੀ ਭਾਈ ਨੇੜੇ ਪਿੰਡ ਕਾਲੀਏ ਵਾਲਾ ਵਿਖੇ ਪੰਜਾਬ ਪੁਲਸ ਦੇ ਸਹਾਇਕ ਥਾਣੇਦਾਰ ਵੱਲੋਂ ਸਰਕਾਰੀ ਪਿਸਟਲ ਨਾਲ ਆਪਣੀ ਪਤਨੀ ਨੂੰ ਗੋਲੀ ਮਾਰਨ ਪਿੱਛੋਂ ਖੁਦਕੁਸ਼ੀ ਕਰਨ ਦਾ ਖਬਰ ਹੈ।

ਇਸ ਬਾਰੇ ਮ੍ਰਿਤਕ ਏ ਐਸ ਆਈ ਬਲਜੀਤ ਸਿੰਘ (48) ਪੁੱਤਰ ਗੁਰਦਿਆਲ ਸਿੰਘ ਪਿੰਡ ਮਿਸ਼ਰੀ ਵਾਲਾ (ਜ਼ਿਲ੍ਹਾ ਫਿਰੋਜ਼ਪੁਰ) ਦੇ ਪੁੱਤਰ ਕਮਲਜੀਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਪਿੰਡ ਕਾਲੀਏ ਵਾਲਾ ਵਿਖੇ ਨਾਨਕੇ ਪਰਵਾਰ ਕੋਲ ਰਹਿੰਦਾ ਹੈ ਅਤੇ ਉਸ ਦੀ ਮਾਤਾ ਚਰਨਜੀਤ ਕੌਰ ਉਸ ਕੋਲ ਆਈ ਹੋਈ ਸੀ। ਰਾਤ




ਉਸ ਦਾ ਪਿਤਾ ਵੀ ਉਨ੍ਹਾਂ ਕੋਲ ਆ ਗਿਆ। ਇਸ ਦੌਰਾਨ ਉਹ ਵਿਹੜੇ 'ਚ ਬੈਠੇ ਗੱਲਾਂ ਕਰ ਰਹੇ ਸਨ ਕਿ ਉਸ ਦੇ ਪਿਤਾ ਬਲਜੀਤ ਸਿੰਘ ਦਾ ਝਗੜਾ ਹੋ ਗਿਆ, ਜਿਸ ਪਿੱਛੋਂ ਉਸ ਦੇ ਪਿਤਾ ਬਲਜੀਤ ਸਿੰਘ ਨੇ ਆਪਣੇ ਸਰਕਾਰੀ ਪਿਸਟਲ ਨਾਲ ਉਸ ਦੀ ਮਾਂ ਨੂੰ ਗੋਲੀਆਂ ਮਾਰ ਦਿੱਤੀਆਂ ਤੇ ਫਿਰ ਖੁਦ ਨੂੰ ਗੋਲੀ ਮਾਰ ਲਈ। ਪਰਵਾਰਕ ਮੈਂਬਰਾਂ ਨੇ ਦੋਵਾਂ ਨੂੰ ਹਸਪਤਾਲ ਨੂੰ ਲਿਜਾਣਾ ਚਾਹਿਆ ਤਾਂ ਬਲਜੀਤ ਸਿੰਘ ਰਸਤੇ 'ਚ ਦਮ ਤੋੜ ਦਿੱਤਾ, ਪਰ ਚਰਨਜੀਤ ਕੌਰ ਨੂੰ ਮੋਗਾ ਦੇ ਹਸਪਤਾਲ ਵਿੱਚ ਦਾਖਲ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਹੈ। ਇਸ ਘਟਨਾ ਦੀ ਸੂਚਨਾ ਮਿਲਦੇ ਸਾਰ ਡੀ ਐੱਸ ਪੀ ਫਿਰੋਜ਼ਪੁਰ ਦਿਹਾਤੀ ਸਤਨਾਮ ਸਿੰਘ, ਥਾਣਾ ਤਲਵੰਡੀ ਭਾਈ ਦੇ ਮੁਖੀ ਸ਼ਿਮਲਾ ਰਾਣੀ ਨੇ ਘਟਨਾ ਸਥਾਨ 'ਤੇ ਪੁੱਜ ਕੇ ਜਾਂਚ ਕਰਨ ਪਿੱਛੋਂ ਮ੍ਰਿਤਕ ਦੇ ਲੜਕੇ ਕਮਲਜੀਤ ਸਿੰਘ ਦੇ ਬਿਆਨਾਂ 'ਤੇ ਮ੍ਰਿਤਕ ਏ ਐਸ ਆਈ ਬਲਜੀਤ ਸਿੰਘ ਖਿਲਾਫ ਮੁੱਕਦਮਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਫਰਦ ਦਰਜ ਕਰਨ ਲਈ 20 ਹਜ਼ਾਰ ਰਿਸ਼ਵਤ ਲੈਣ ਲੱਗਾ ਕਲਰਕ ਫਸਿਆ

ਜਲੰਧਰ, 6 ਅਕਤੂਬਰ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਜਲੰਧਰ ਦੀ ਟੀਮ ਨੇ ਤਹਿਸੀਲ ਕੰਪਲੈਕਸ ਜਲੰਧਰ ਵਿਖੇ ਸੀਨੀਅਰ ਅਸਿਸਟੈਂਟ ਨੂੰ 20 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜਿਆ ਹੈ।

ਐਸ ਐਸ ਪੀ ਵਿਜੀਲੈਂਸ ਜਲੰਧਰ ਦਿਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਟਰਾਂਸਪੋਰਟਰ ਹਿੰਮਤ ਕੁਮਾਰ ਵਾਸੀ ਮਖਦੂਮਪੁਰਾ ਨੇ ਉਨ੍ਹਾਂ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦੇ ਪਿਤਾ ਅਸ਼ੋਕ ਕੁਮਾਰ ਤੇ ਚਾਚਾ ਮਦਨ ਲਾਲ ਨੇ 15 ਜਨਵਰੀ 1987 ਨੂੰ ਬੋਲੀ ਦੌਰਾਨ ਦਸ ਮਰਲੇ ਦਾ ਪਲਾਟ ਖਰੀਦਿਆ ਸੀ, ਪਰ ਉਕਟ ਪਲਾਟ ਦੀ ਫਰਦ ਉਨ੍ਹਾਂ ਦੇ ਨਾਂ ਨਹੀਂ ਚੜ੍ਹਾਈ ਗਈ ਸੀ। ਪਲਾਟ ਦੀ ਫਰਦ ਚੜ੍ਹਾਉਣ ਦੇ ਲਈ ਅਸ਼ੋਕ ਕੁਮਾਰ ਨੇ ਤਹਿਸੀਲ-1 ਵਿਖੇ ਰੀ-ਹੈਬਿਲੀਟੇਸ਼ਨ ਦੇ ਸੀਨੀਅਰ ਅਸਿਸਟੈਂਟ ਰਾਜਨ ਚੌਹਾਨ ਨਾਲ ਗੱਲ ਕੀਤੀ ਤੇ ਇਸ ਦੀ ਦਰਖਾਸਤ ਦਿੱਤੀ। ਉਸੇ ਦਿਨ ਰਾਜਨ ਚੌਹਾਨ ਨੇ ਉਸ ਉਪਰ ਤਹਿਸੀਲਦਾਰ ਆਦਿ ਦੀਆਂ ਮੋਹਰਾਂ



ਲਵਾ ਕੇ ਕਾਰਵਾਈ ਸ਼ੁਰੂ ਕਰ ਦਿੱਤੀ। 3 ਅਕਤੂਬਰ ਨੂੰ ਰਾਜਨ ਚੌਹਾਨ ਨੇ ਹਿੰਮਤ ਨੂੰ ਫੋਨ ਕਰਕੇ ਆਪਣੇ ਦਫਤਰ ਬੁਲ-ਾਇਆ ਅਤੇ 20 ਹਜ਼ਾਰ ਰੁਪਏ ਰਿਸ਼ਵਤ ਦੀ ਮੰਗ ਕੀਤੀ। ਇਸ ਬਾਰੇ ਹਿੰਮਤ ਕੁਮਾਰ ਨੇ ਵਿਜੀਲੈਂਸ ਬਿਊਰੋ ਨੂੰ ਸ਼ਿਕਾਇਤ ਕੀਤੀ। ਜਦੋਂ ਰਾਜਨ ਚੌਹਾਨ ਨੇ ਪੈਸੇ ਲੈਣ ਲਈ ਹਿੰਮਤ ਸਿੰਘ ਨੂੰ ਦਫਤਰ ਸੱਦਿਆ ਤਾਂ ਡੀ ਐਸ ਪੀ ਨਿਰੰਜਨ ਸਿੰਘ ਦੀ ਟੀਮ ਨੇ ਸਰਕਾਰੀ ਗਵਾਹਾਂ ਸਮੇਤ ਟਰੈਪ ਲਾਇਆ ਅਤੇ ਰਾਜਨ ਚੌਹਾਨ ਨੂੰ 20 ਹਜ਼ਾਰ ਰੁਪਏ ਲੈਂਦਿਆਂ ਰੰਗੇ-ਹੱਥੀ ਕਾਬੂ ਕਰ ਲਿਆ। ਐਸ ਐਸ ਪੀ ਢਿੱਲੋਂ ਨੇ ਦੱਸਿਆ ਕਿ ਰਾਜਨ ਚੌਹਾਨ ਖਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ ਦਾ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।


## ਬ੍ਰਿਟਿਸ਼ ਸਿੱਖ ਆਗੂ ਨੇ ਬੀ ਬੀ ਸੀ ਦੇ ਸ਼ੋਅ ਨਾਲੋਂ ਨਾਤਾ ਤੋੜਿਆ

ਲੰਡਨ, 6 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਪਾਰਲੀਮੈਂਟ ਦੇ ਉਪਰਲੇ ਸਦਨ ਹਾਊਸ ਆਫ ਲਾਰਡਜ਼ ਦੇ ਮੈਂਬਰ ਅਹਿਮ ਸਿੱਖ ਆਗੂ ਲਾਰਡ ਇੰਦਰਜੀਤ ਸਿੰਘ ਨੇ ਬੀ ਬੀ ਸੀ ਰੇਡੀਓ ਦੇ ਪ੍ਰੋਗਰਾਮ ਅੱਜ ਦਾ ਵਿਚਾਰ 'ਥੌਟ ਫਾਰ ਦਾ ਡੇਅ' ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਸਿੱਖ ਧਰਮ ਦੀਆਂ ਸਿਖਿਆਵਾਂ ਉੱਤੇ ਬ੍ਰਾਡਕਾਸਟਰ ਵੱਲੋਂ ਸੈਂਸਰਸ਼ਿਪ ਲਾਉਣ ਤੋਂ ਨਾਰਾਜ਼ ਹੋ ਕੇ ਅਸਤੀਫਾ ਦਿੱਤਾ ਹੈ, ਜਿਸ ਦੀ ਹਰ ਪਾਸੇ ਚਰਚਾ ਹੈ। ਬਰਾਡਕਾਸਟਰ ਨੂੰ ਡਰ ਸੀ ਕਿ ਇਨ੍ਹਾਂ ਸਿਖਿਆਵਾਂ ਦੇ ਕਾਰਨ ਮੁਸਲਿਮ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਸਕਦੀ ਹੈ।

ਲਾਰਡ ਇੰਦਰਜੀਤ ਸਿੰਘ (87) ਨੈੱਟਵਰਕ ਆਫ ਸਿੱਖ ਆਰਗੇਨਾਈਜ਼ੇਸ਼ਨਜ਼ (ਐੱਨ ਐੱਸ ਓ) ਦੇ ਡਾਇਰੈਕਟਰ ਹਨ ਅਤੇ ਬੀ ਬੀ ਸੀ ਉਤੇ ਲਗਾਤਾਰ ਰੇਡੀਓ ਸ਼ੋਅ ਚਲਾ ਰਹੇ ਹਨ ਅਤੇ ਇਹ ਪ੍ਰੋਗਰਾਮ ਸਿੱਖ ਸਰਗਰਮੀਆਂ ਦੇ ਵਾਸਤੇ ਸਮਰਪਿਤ ਹੁੰਦਾ ਹੈ। ਉਨ੍ਹਾਂ ਨੇ ਬੀ ਬੀ ਸੀ ਉਤੇ ਪੱਖਪਾਤ ਕਰਨ ਅਤੇ ਅਸਹਿਣਸ਼ੀਲਤਾ ਦਾ ਦੋਸ਼ ਲਾਇਆ ਅਤੇ ਕਿਹਾ ਹੈ ਕਿ ਬਰਾਡਕਸਟਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸੰਬੰਧੀ ਸਕਰਿਪਟ ਦੇ ਨਾਲ ਇਸਲਾਮੋਫੋਬੀਆ ਕਾਰਨ ਇਨਸਾਫ ਨਹੀਂ ਕਰ ਸਕਿਆ, ਜਦੋਂ ਕਿ ਸਕਰਿਪਟ ਵਿੱਚ ਇਸਲਾਮ ਦੇ ਖਿਲਾਫ ਕੁਝ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੀਆਂ ਸਹਿਣਸੀਲਤਾ, ਧਾਰਮਿਕ ਆਜ਼ਾਦੀ ਆਦਿ ਸਿਖਿਆਵਾਂ 'ਤੇ ਬੀ ਬੀ ਸੀ ਵੱਲੋਂ ਧਾਰੀ ਚੁੱਪ ਨੂੰ ਉਹ ਹੋਰ ਸਹਿਣ ਨਹੀਂ ਕਰ ਸਕਦੇ, ਜਿਸ ਦੀ ਸਾਡੇ ਸਮਾਜ ਨੂੰ ਲੋੜ ਹੈ। ਵਰਨਣ ਯੋਗ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਤ ਸਕਰਿਪਟ ਨੂੰ ਪਹਿਲਾਂ ਪ੍ਰੋਡਿਊਸਰ ਨੇ ਪ੍ਰਵਾਨ ਕਰ ਲਿਆ ਸੀ, ਪਰ ਸੀਨੀਅਰ ਪ੍ਰੋਡਿਊਸਰ ਨੇ ਇਸ ਨਾਲ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਣ ਦੇ ਡਰ ਕਾਰਨ ਬਿਨਾਂ ਸਲਾਹ ਮਸ਼ਵਰਾ ਕੀਤੇ ਪ੍ਰਸਾਰਨ ਤੋਂ ਰੋਕ ਦਿੱਤਾ ਸੀ। ਦੂਸਰੇ ਪਾਸੇ ਬੀ ਬੀ ਸੀ ਦੇ ਬੁਲਾਰੇ ਨੇ ਲਾਰਡ ਇੰਦਰਜੀਤ ਸਿੰਘ ਦੇ ਯੋਗਦਾਨ ਨੂੰ ਅਹਿਮ ਕਰਾਰ ਦਿੱਤਾ ਹੈ, ਪਰ ਉਨ੍ਹਾਂ ਵੱਲੋਂ ਲਾਏ ਗਏ ਦੋਸ਼ਾਂ ਦੇ ਨਾਲ ਅਸਹਿਮਤੀ ਦਾ ਪ੍ਰਗਟਾਵਾ ਕੀਤਾ।


JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

UPPAL LAW



AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters



AMAN UPPAL
Barrister,Solicitor

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
◦$29 per hr
◦Experience: 3-5 years
◦Education has to be secondary high school or equivalent experience
Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
◦$50 per hr
◦Experience: 5 years or more
◦Education: Bachelors Degree Business/Commerce
Email Resume: hr@cellntell.com or umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਲਾਈਟ ਐਂਡ ਸਾਊਂਡ ਸ਼ੋਅ ਤੇ ਡਿਜੀਟਲ ਮਿਊਜ਼ੀਅਮ ਸੂਬੇ ਦੀਆਂ 26 ਥਾਵਾਂ ’ਤੇ ਲੋਕਾਂ ਨੂੰ ਕਰਨਗੇ ਮੰਤਰਮੁਗਧ

## 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਾਨਦਾਰ ਸਮਾਗਮਾਂ ਦੀ ਮੋਹਾਲੀ ਤੋਂ ਸ਼ੁਰੂਆਤ



ਮੋਹਾਲੀ ਦੇ ਸੈਕਟਰ 78 ਵਿਖੇ ਲਾਈਟ ਐਂਡ ਸਾਊਂਡ ਸ਼ੋਅ ਤੇ ਡਿਜੀਟਲ ਮਿਊਜ਼ੀਅਮ ਨੂੰ ਅੰਤਿਮ ਛੋਹਾਂ ਦਿੰਦੇ ਹੋਏ ਕਾਰੀਗਰ।

ਚੰਡੀਗੜ, 6 ਅਕਤੂਬਰ (ਗਿਆਨ ਸਿੰਘ) ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਡਿਜੀਟਲ ਮਿਊਜ਼ੀਅਮ ਅਤੇ ਲਾਈਟ ਐਂਡ ਸਾਊਂਡ ਸ਼ੋਅ, ਚੰਡੀਗੜ ਸਮੇਤ ਪੰਜਾਬ ਦੇ ਸਮੂਹ ਜ਼ਿਲਿਆਂ ਵਿੱਚ 26 ਥਾਵਾਂ ’ਤੇ ਕਰਵਾਏ ਜਾਣਗੇ ਅਤੇ ਸੂਬੇ ਦੇ ਲੋਕਾਂ ਨੂੰ ਰੂਹਾਨੀ ਰੰਗ ਵਿੱਚ ਰੰਗਣ ਲਈ ਲਗਾਤਾਰ 4 ਮਹੀਨੇ ਆਧੁਨਿਕ ਤਕਨੀਕਾਂ ਨਾਲ ਲਬਰੇਜ਼ ਇਹ ਸਮਾਗਮ ਅਧਿਆਤਮਕਤਾ ਦੀ ਛਹਿਬਰ ਲਾਉਣਗੇ। ਡਿਜੀਟਲ ਅਜਾਇਬਘਰ ਵਿੱਚ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ ਨੂੰ ਮਲਟੀ-ਮੀਡੀਆ ਤਕਨੀਕਾਂ ਰਾਹੀਂ ਰੂਪਮਾਨ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਸੂਬਾ ਭਰ ਵਿੱਚ ਚੱਲਣ ਵਾਲੇ ਲਾਈਟ ਐਂਡ ਸਾਊਂਡ ਸ਼ੋਅ ਅਤੇ ਡਿਜੀਟਲ ਮਿਊਜ਼ੀਅਮ ਦੀ ਸ਼ੁਰੂਆਤ 7 ਅਕਤੂਬਰ ਤੋਂ ਹੋ ਰਹੀ ਹੈ । ਮੋਹਾਲੀ ਦੇ ਸੈਕਟਰ-78 ਸਥਿਤ ਖੇਡ ਸਟੇਡੀਅਮ ਵਿਖੇ 7 ਤੋਂ 9 ਅਕਤੂਬਰ ਤੱਕ ਡਿਜੀਟਲ ਅਜਾਇਬਘਰ ਸਥਾਪਤ ਕੀਤਾ ਜਾਵੇਗਾ, ਜੋ ਲੋਕਾਂ ਦੇ ਵੇਖਣ ਲਈ ਸਵੇਰੇ 6:30 ਤੋਂ ਸ਼ਾਮ 6:00 ਵਜੇ ਤੱਕ ਖੁੱਲਾ ਰਹੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੁਲਾਰੇ ਨੇ ਦੱਸਿਆ ਕਿ ਅੱਜ ਪੰਜਾਬ ਦੇ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਸ. ਗੁਰਕਿਰਤ ਕ੍ਰਿਪਾਲ ਸਿੰਘ ਵਲੋਂ ਇਸ ਸ਼ੋਅ ਸਬੰਧੀ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ।

ਬੁਲਾਰੇ ਨੇ ਦੱਸਿਆ ਕਿ 4 ਮਹੀਨੇ ਚੱਲਣ ਵਾਲੇ ਇਨਾਂ ਸਮਾਗਮਾਂ ਦੀ ਸ਼ੁਰੂਆਤ ਮੋਹਾਲੀ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੋਹਾਲੀ ਤੋਂ ਸ਼ਾਮ 6 ਵਜੇ ਕਰਨਗੇ। ਉਨਾਂ ਦੱਸਿਆ ਕਿ ਇਸੇ ਤਰਾਂ ਪਹਿਲੇ ਅਤੇ ਆਖ਼ਰੀ ਦਿਨ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ’ਤੇ ਝਾਤ ਪਾਉਂਦਾ ਲਾਈਟ ਐਂਡ ਸਾਊਂਡ ਸ਼ੋਅ ਚੱਲੇਗਾ। ਉਨਾਂ ਦੱਸਿਆ ਕਿ 11 ਤੋਂ 13 ਅਕਤੂਬਰ ਨੂੰ ਪੀ.ਏ.ਯੂ. ਗਰਾਊਂਡ ਲੁਧਿਆਣਾ, 15 ਤੋਂ 17 ਅਕਤੂਬਰ ਨੂੰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ, 19 ਤੋਂ 21 ਨੂੰ ਆਈ.ਐਫ.ਐਸ. ਕਾਲਜ ਘੱਲ ਕਲਾਂ ਮੋਗਾ, 23 ਤੋਂ 25 ਨੂੰ ਗੁਰੂ ਨਾਨਕ ਸਟੇਡੀਅਮ ਕਪੂਰਥਲਾ, 1 ਤੋਂ 3 ਨਵੰਬਰ ਨੂੰ ਵੀ.ਵੀ.ਆਈ.ਪੀ. ਪਾਰਕਿੰਗ ਸੁਲਤਾਨਪੁਰ ਲੋਧੀ, 5 ਤੋਂ 7 ਨਵੰਬਰ ਨੂੰ ਬਹੁਤਕਨੀਕੀ ਕਾਲਜ ਬਟਾਲਾ, 9 ਤੋਂ 11 ਨਵੰਬਰ ਨੂੰ ਦਾਣਾ ਮੰਡੀ ਡੇਰਾ ਬਾਬਾ ਨਾਨਕ, 13 ਤੋਂ 15 ਨਵੰਬਰ ਨੂੰ ਪਠਾਨਕੋਟ ਸ਼ਹਿਰ, 17 ਤੋਂ 19 ਪੁੱਡਾ ਮੈਦਾਨ ਗੁਰਦਾਸਪੁਰ, 21 ਤੋਂ 23 ਰੌਸ਼ਨ ਮੈਦਾਨ ਹੁਸ਼ਿਆਰਪੁਰ, 25 ਤੋਂ 27 ਐਸ.ਬੀ.ਐਸ. ਨਗਰ ਸ਼ਹਿਰ, 29 ਨਵੰਬਰ ਤੋਂ 1 ਦਸੰਬਰ ਨੂੰ ਨਹਿਰੂ ਸਟੇਡੀਅਮ ਰੋਪੜ, 3 ਤੋਂ 5 ਦਸੰਬਰ ਨੂੰ ਚੰਡੀਗੜ, 7 ਤੋਂ 9 ਦਸੰਬਰ ਫ਼ਤਹਿਗੜ ਸਾਹਿਬ ਸ਼ਹਿਰ, 11 ਤੋਂ 13 ਪਟਿਆਲਾ ਸ਼ਹਿਰ, 15 ਤੋਂ 17 ਸੰਗਰੂਰ ਸ਼ਹਿਰ, 19 ਤੋਂ 21 ਦਸੰਬਰ ਬਰਨਾਲਾ ਸ਼ਹਿਰ, 23 ਤੋਂ 25 ਦਸੰਬਰ ਮਾਨਸਾ ਸ਼ਹਿਰ, 15 ਤੋਂ 17 ਜਨਵਰੀ 2020 ਨੂੰ ਬਠਿੰਡਾ ਸ਼ਹਿਰ, 19 ਤੋਂ 21 ਜਨਵਰੀ ਨੂੰ ਸ੍ਰੀ ਮੁਕਤਸਰ ਸਾਹਿਬ ਸ਼ਹਿਰ, 23 ਤੋਂ 25 ਫ਼ਾਜ਼ਿਲਕਾ ਸ਼ਹਿਰ, 27 ਤੋਂ 29 ਫ਼ਰੀਦਕੋਟ ਸ਼ਹਿਰ, 31 ਜਨਵਰੀ ਤੋਂ 2 ਫ਼ਰਵਰੀ ਨੂੰ ਫ਼ਿਰੋਜ਼ਪੁਰ ਸ਼ਹਿਰ, 4 ਤੋਂ 6 ਫ਼ਰਵਰੀ ਨੂੰ ਤਰਨ ਤਾਰਨ ਸ਼ਹਿਰ ਅਤੇ 8 ਤੋਂ 10 ਫ਼ਰਵਰੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲਾਈਟ ਐਂਡ ਸਾਊਂਡ ਸ਼ੋਅ ਅਤੇ ਡਿਜੀਟਲ ਮਿਊਜ਼ੀਅਮ ਲਗਾਏ ਜਾਣਗੇ। ਉਨਾਂ ਦੱਸਿਆ ਕਿ ਇਨਾਂ ਸਭ ਥਾਵਾਂ ’ਤੇ ਡਿਜੀਟਲ ਅਜਾਇਬਘਰ ਲਗਾਤਾਰ 3 ਦਿਨ ਲੋਕਾਂ ਲਈ ਖੁੱਲਾ ਰਹੇਗਾ ਜਦਕਿ ਰੰਗਦਾਰ ਦ੍ਰਿਸ਼ ਪੇਸ਼ਕਾਰੀਆਂ, ਅਤਿ-ਆਧੁਨਿਕ ਲੇਜ਼ਰ ਤਕਨੀਕਾਂ ਅਤੇ ਵਿਲੱਖਣ ਬੁਲਾਰੇ ਨੇ ਦੱਸਿਆ ਕਿ ਸੁਲਤਾਨਪੁਰ ਲੋਧੀ ਵਿਖੇ 1 ਨਵੰਬਰ ਤੋਂ 12 ਨਵੰਬਰ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਿਪਤ ਮੁੱਖ ਸਮਾਗਮ ਕਰਵਾਏ ਜਾਣਗੇ ਅਤੇ 4 ਨਵੰਬਰ ਤੋਂ ਸਮਾਗਮ ਦੇ ਆਖ਼ਰੀ ਦਿਨ 12 ਨਵੰਬਰ ਤੱਕ ਲਗਾਤਾਰ 9 ਦਿਨ ਵਿਸ਼ਾਲ ਲਾਈਟ ਐਂਡ ਸਾਊਂਡ ਸ਼ੋਅ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ ’ਤੇ ਰੌਸ਼ਨੀ ਪਾਏਗਾ।

# ਕੇਂਦਰੀ ਜੇਲ ਫਿਰੋਜ਼ਪੁਰ ’ਚ ਧਾਰਮਿਕ ਸਮਾਗਮ ਕਰਵਾਇਆ



ਫਿਰੋਜ਼ਪੁਰ, 6 ਅਕਤੂਬਰ ( ਗਿਆਨ ਸਿੰਘ): ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਅਤੇ ਡੀ ਜੀ ਪੀ ਜੇਲ ਸ਼੍ਰੀ ਪ੍ਰਵੀਨ ਕੁਮਾਰ ਸਿਨਹਾ ਦੀਆ ਹਦਾਇਤਾਂ ਮੁਤਾਬਿਕ ਕੇਂਦਰੀ ਜੇਲ ਫਿਰੋਜ਼ਪੁਰ ਚ ਗੁਰੂ ਨਾਨਕ ਦੇਵ ਜੀ ਦੇ 550ਵੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ। ਜਿਸ ਵਿਚ ਕਥਾ ਵਾਚਕ ਭਾਈ ਪਿੱਪਲ ਸਿੰਘ ਜੀ ਨੇ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਜੇਲ ਸੁਪਰਡੈਂਟ ਸ ਕਰਨਜੀਤ ਸਿੰਘ ਸੰਧੂ ਨੇ ਕੈਦੀਆਂ ਅਤੇ ਬੰਦੀਆਂ ਨੂੰ ਸੰਬੋਧੈਨ ਕਰਦੇ ਹੋਏ ਕਿਹਾ ਕਿ ਹਰ ਵੇਅਕਤੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ ਤੇ ਚਲਦੇ ਹੋਏ ਮਾੜੇ ਕੰਮਾਂ ਦਾ ਤਿਆਗ ਕਰਨਾ ਚਾਹੀਦਾ ਹੈ। ਹਰ ਵੇਅਕਤੀ ਨੂੰ ਆਪਣਾ ਸੱਚਾ ਤੇ ਸੁਚਾ ਜੀਵਨ ਜੀਣਾ ਚਾਹੀਦਾ ਹੈ । ਗੁਰੂ ਕਾ ਲੰਗਰ ਅਟੁੱਟ ਵਰਤਿਆ। ਇਸ ਮੌਕੇ ਡਿਪਟੀ ਸੁਪਰਡੈਂਟ ਜੇਲ ਡਿਪਟੀ ਸੁਪਰਡੈਂਟ ਨਵ ਇੰਦਰ ਸਿੰਘ ਤਰਸੇਮ ਸਿੰਘ ਅਤੇ ਜੇਲ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਹਾਜ਼ਿਰ ਸਨ।

# ਨਵੀਂ ਤਕਨੀਕ ਨਾਲ ਅੱਖਾਂ ਦੇ ਸੁੱਕੇਪਣ ਦਾ ਕਾਰਨ ਲੱਭਣਾ ਅਤੇ ਇਲਾਜ ਕਰਨਾ ਸੌਖਾ ਹੋਵੇਗਾ

ਵਾਸ਼ਿੰਗਟਨ, 6 ਅਕਤੂਬਰ (ਪੋਸਟ ਬਿਊਰੋ)- ਅੱਖਾਂ ਵਿੱਚ ਸੁੱਕੇਪਣ ਦੀ ਬਿਮਾਰੀ ਦਾ ਆਸਾਨੀ ਨਾਲ ਪਤਾ ਲਾਉਣ ਅਤੇ ਇਸ ਦਾ ਇਲਾਜ ਕਰਨ ਲਈ ਖੋਜਕਾਰਾਂ ਨੇ ਨਵੀਂ ‘ਨਾਨ ਇਨਵੇਸਿਵ ਇਮੇਜਿੰਗ ਤਕਨੀਕ’ ਬਣਾਈ ਹੈ।

ਵਰਨਣ ਯੋਗ ਹੇ ਕਿ ਅੱਖਾਂ ਵਿੱਚ ਸੁੱਕੇਪਣ ਦੀ ਬਿਮਾਰੀ (ਡ੍ਰਾਈ ਆਈ ਸਿੰਡਰੋਮ) ਵਿੱਚ ਅੱਖਾਂ ਵਿੱਚ ਜਲਨ ਹੁੰਦੀ ਅਤੇ ਧੁੰਦਲਾ ਦਿਖਾਈ ਦਿੰਦਾ ਹੈ। ਨਵੀਂ ਤਕਨੀਕ (ਨਾਨ ਇਨਵੇਸਿਵ ਇਮੇਜਿੰਗ ਤਕਨੀਕ) ਨਾਲ ਅੱਖਾਂ ਦੇ ਅੰਦਰ ਵਾਲੀ ਤਸਵੀਰ ਬਿਨਾਂ ਉਪਰਲੀ ਪਰਤ ਨੂੰ ਨੁਕਸਾਨ ਪਹੁੰਚਾਏ ਲੈ ਲਈ ਜਾਂਦੀ ਹੈ। ਜਰਨਲ ਆਫ ਐਪਲਾਈਡ ਆਪਟੀਕਸ 'ਚ ਛਪੀ ਖੋਜ ਮੁਤਾਬਕ ਅੱਖਾਂ ਦੇ ਡਾਕਟਰ ਕੋਲ ਪਹੁੰਚਣ ਵਾਲੇ 60 ਫੀਸਦੀ ਮਰੀਜ਼ਾਂ 'ਚ ਅੱਖਾਂ ਦੇ ਸੁੱਕੇਪਣ ਦੀ ਸ਼ਿਕਾਇਤ ਹੁੰਦੀ ਹੈ। ਖੋਜਕਾਰਾਂ, ਜਿਨ੍ਹਾਂ ਵਿੱਚ ਅਮਰੀਕਾ ਦੀ ਆਪਟੀਕਲ ਸੋਸਾਇਟੀ ਦੇ ਖੋਜਕਾਰ ਵੀ ਸ਼ਾਮਲ ਸਨ, ਨੇ ਦੱਸਿਆ ਕਿ ਇਹ ਬਿਮਾਰੀ ਉਦੋਂ ਹੁੰਦੀ ਹੈ ਜਦੋਂ ਬਾਹਰੀ ਵਾਤਾਵਰਣ ਤੋਂ ਬਚਾਉਣ 'ਚ ਕਾਰਗਰ ਹੰਝੂਆਂ ਦੀ ਅੰਦਰੂਨੀ ਪਰਤ ਅਸਥਿਰ ਹੋ ਜਾਂਦੀ ਹੈ। ਉਨ੍ਹਾਂ ਨੇ ਦੱਸਿਆ ਕਿ ਜ਼ਿਆਦਾਤਰ ਕੇਸਾਂ 'ਚ ਇਲਾਜ ਮਰੀਜ਼ ਵੱਲੋਂ ਦੱਸੇ ਗਏ ਲੱਛਣਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ, ਪਰ ਇਹ ਤਕਨੀਕ ਬਿਮਾਰੀ ਦੀ ਸਟੀਕ ਅਵਸਥਾ ਦਾ ਪਤਾ ਲਾਉਣ 'ਚ ਓਨੀ ਕਾਰਗਰ ਨਹੀਂ ਹੁੰਦੀ। ਉਨ੍ਹਾਂ ਨੇ ਕਿਹਾ ਕਿ ਹਾਲੇ ਤੱਕ ਅੱਖਾਂ ਬਚਾਉਣ ਵਾਲੀ ਹੰਝੂਆਂ ਦੀ ਅੰਦਰੂਨੀ ਪਰਤ ਦੀ ਜਾਣਕਾਰੀ ਲੈਣ ਲਈ ਜੋ ਤਰੀਕਾ ਵਰਤਿਆ ਜਾਂਦਾ ਸੀ, ਉਸ ਨਾਲ ਬਾਹਰੀ ਪਰਤ ਨੂੰ ਨੁਕਸਾਨ ਪਹੁੰਚਦਾ ਸੀ ਅਤੇ ਪਲਕ ਝਪਕਣ ਕਾਰਨ ਸਟੀਕ ਜਾਣਕਾਰੀ ਵੀ ਨਹੀਂ ਮਿਲਦੀ ਸੀ। ਡਾਕਟਰਾਂ ਮੁਤਾਬਕ ਇਹ ਯੰਤਰ ਪੂਰੀ ਤਰ੍ਹਾਂ ਆਟੋਮੈਟਿਕ ਹੈ ਅਤੇ ਸਿਰਫ ਚਾਲੀ ਸੈਕਿੰਡ 'ਚ ਅੱਖਾਂ ਦੇ ਉਪਰ ਮੌਜੂਦ ਹੰਝੂਆਂ ਦੀ ਅੰਦਰੂਨੀ ਪਰਤ 'ਚ ਆਏ ਬਦਲਾਅ ਦਾ ਪਤਾ ਲਾ ਲੈਂਦਾ ਹੈ ਜਿਸ ਨਾਲ ਡਾਕਟਰ ਸਟੀਕ ਮੁਲੰਕਣ ਕਰ ਸਕਦੇ ਹਨ। ਖੋਜਕਾਰਾਂ ਨੇ ਕਿਹਾ ਕਿ ਉਪ-ਪਰਤ ਸੁੱਕੀਆਂ ਅੱਖਾਂ ਦੀ ਬਿਮਾਰੀ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ, ਪਰ ਹੋਰ ਤਰੀਕਿਆਂ ਨਾਲ ਇਸ ਦਾ ਵਿਸ਼ਲੇਸ਼ਣ ਮੁਸ਼ਕਲ ਹੁੰਦਾ ਹੈ।

ਫੈਨਸਾਂ ਜਾਂ ਘੁਰਾਂ ਦੇ ਰੰਗ ਕੂਰਨ ਲਈ
ਇਕੋ ਨਾਂ, ਇਕੋ ਨੂੰ
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

TransExpert — NOW HIRING! — Skylark Logistics Inc.
Full Time Mechanic Also Needed
Highway US Drivers & Owner Operators Wanted
- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.

Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com
For SUPER-VISA INSURANCE, TRAVEL INSURANCE RESP Call: 416-319-0551

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
Local City Drivers @ 22/hr
NOW HIRING
A/Z Drivers Needed
For Canada To US Runs
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਅਣਜਾਣ ਸ਼ਹਿਰ ਦਾ ਫਰਿਸ਼ਤਾ

-ਸ਼ਬਨਮ ਕੌਰ

ਅਖਬਾਰਾਂ, ਟੀ ਵੀ ਅਤੇ ਰੇਡੀਓ ਉੱਤੇ ਰੋਜ਼ ਚੋਰੀ, ਧੋਖਾਧੜੀ, ਕਤਲੇਆਮ, ਜ਼ਮੀਨ-ਜਾਇਦਾਦ ਨੂੰ ਲੈ ਕੇ ਹੁੰਦੇ ਲੜਾਈ-ਝਗੜਿਆਂ ਬਾਰੇ ਪੜ੍ਹਦੇ ਸੁਣਦੇ ਹਾਂ ਤਾਂ ਦਿਲ ਦਹਿਲਦਾ ਹੈ। ਇਨਸਾਨੀ ਕਦਰਾਂ-ਕੀਮਤਾਂ ਦਾ ਹਾਲ ਇਹ ਹੈ ਕਿ ਸੜਕ ਉਤੇ ਜ਼ਖਮੀ ਪਏ ਬੰਦੇ ਦੀ ਸਹਾਇਤਾ ਲਈ ਕੋਈ ਅੱਗੇ ਨਹੀ ਵਧਦਾ, ਸਗੋਂ ਤਮਾਸ਼ਬੀਨ ਫੋਨ-ਵੀਡੀਓ ਬਣਾਉਣ ਲੱਗ ਪੈਂਦੇ ਹਨ। ਅਜਿਹੇ ਹਾਲਾਤ ਬਾਰੇ ਸੋਚਣ ਸਾਰ ਮੇਰੀ ਬਿਰਤੀ ਉਸ ਦਿਨ ਅੱਗੇ ਜਾ ਖੜ੍ਹਦੀ ਹੈ, ਜਿਸ ਨੇ ਮੇਰੀ ਸੋਚ ਵਿੱਚ ਤਬਦੀਲੀ ਲਿਆਂਦੀ। ਜਾਪਿਆ, ਇਨਸਾਨੀਅਤ ਅਜੇ ਸਾਹ ਲੈ ਰਹੀ ਹੈ।

ਅਸਲ ਵਿੱਚ ਪਿਛਲੇ ਮਹੀਨੇ ਮੈਨੂੰ ਇੰਟਰਵਿਊ ਲਈ ਨੋਇਡਾ ਜਾਣਾ ਪਿਆ। ਪਹਿਲਾਂ ਮੈਂ ਕਦੇ ਨੋਇਡਾ ਨਹੀਂ ਸੀ ਗਈ। ਪਿਤਾ ਜੀ ਦੇ ਡਿਊਟੀ ਤੇ ਮਾਤਾ ਜੀ ਦਾ ਘਰੇ ਕੰਮ-ਕਾਰ ਹੋਣ ਕਰ ਕੇ ਮੈਨੂੰ ਇਕੱਲੀ ਨੂੰ ਜਾਣਾ ਪਿਆ। ਇੰਟਰਵਿਊ 11 ਵਜੇ ਸੀ ਅਤੇ ਮੈਂ ਸਵੇਰੇ ਚਾਰ ਕੁ ਵਜੇ ਚੰਡੀਗੜ੍ਹ ਤੋਂ ਦਿੱਲੀ ਜਾਣ ਵਾਲੀ ਬਸ ਵਿੱਚ ਬੈਠ ਗਈ। ਤਕਰੀਬਨ ਸਾਢੇ ਦਸ ਵਜੇ ਦਿੱਲੀ ਮੈਟਰੋ ਸਟੇਸ਼ਨ ਤੋਂ ਨੋਇਡਾ ਪਹੁੰਚ ਗਈ। ਇੰਟਰਵਿਊ ਲਈ ਕਾਫੀ ਉਮੀਦਵਾਰ ਆਏ ਹੋਏ ਸਨ। ਦੋ ਕੁ ਵਜੇ ਮੇਰਾ ਇੰਟਰਵਿਊ ਖਤਮ ਹੋ ਗਿਆ ਅਤੇ ਅੱਧੇ ਘੰਟੇ 'ਚ ਦਸਤਾਵੇਜ਼ਾਂ ਦੀ ਜਾਂਚ ਵੀ ਮੁਕੰਮਲ ਹੋ ਗਈ। ਇੰਟਰਵਿਊ ਦਾ ਨਤੀਜਾ ਅਗਲੇ ਦਿਨ ਫੋਨ ਰਾਹੀਂ ਪਤਾ ਲੱਗਣਾ ਸੀ। ਇੰਟਰਵਿਊ ਮੇਰੀ ਤਿਆਰੀ ਦੇ ਹਿਸਾਬ ਨਾਲ ਵਧੀਆ ਨਹੀਂ ਸੀ। ਇਹੀ ਸੋਚਦੀ ਮੈਂ ਕੰਪਨੀ ਦੇ ਦਫਤਰ ਵਿੱਚੋਂ ਬਾਹਰ ਆ ਗਈ ਤੇ ਨੋਇਡਾ ਮੈਟਰੋ ਸਟੇਸ਼ਨ ਤੱਕ ਜਾਣ ਲਈ ਆਟੋ ਵਿੱਚ ਬੈਠ ਗਈ। ਸਟੇਸ਼ਨ 'ਤੇ ਪਹੁੰਚ ਕੇ ਆਟੋ ਚਾਲਕ ਨੂੰ ਪੈਸੇ ਦੇਣ ਲਈ ਬੈਗ ਵਿੱਚ ਹੱਥ ਪਾਇਆ ਤਾਂ ਪੈਰਾਂ ਥੱਲਿਉਂ ਜ਼ਮੀਨ ਖਿਸਕ ਗਈ। ਬੈਗ ਵਿੱਚ ਪੈਸਿਆਂ ਵਾਲਾ ਪਰਸ ਨਹੀਂ ਸੀ ਤੇ ਮੇਰੇ ਕੋਲ ਐਨੇ ਪੈਸੇ ਵੀ ਨਹੀਂ ਸਨ ਕਿ ਆਟੋ ਚਾਲਕ ਨੂੰ ਕਿਰਾਇਆ ਦੇ ਸਕਦੀ। ਮੈਂ ਇਕਦਮ ਘਬਰਾ ਗਈ, ਪਰ ਖੁਦ ਨੂੰ ਸੰਭਾਲਦੀ ਹੋਈ ਆਪਣਾ ਪਰਸ ਫਿਰ ਭਾਲਣ ਲੱਗੀ। ਫਿਰ ਅਚਾਨਕ ਖਿਆਲ ਆਇਆ ਤੇ ਕੰਪਨੀ ਦੇ ਦਫਤਰ ਫੋਨ ਕਰ ਕੇ ਪਰਸ ਬਾਰੇ ਪੁੱਛਿਆ। ਮੇਰਾ ਮਸਾਂ ਸਾਹ ਵਿੱਚ ਸਾਹ ਆਇਆ ਕਿ ਪਰਸ ਉਥੇ ਰਹਿ ਗਿਆ ਸੀ। ਦਿਮਾਗ 'ਤੇ ਜ਼ੋਰ ਪਾਇਆ ਤਾਂ ਯਾਦ ਆਇਆ ਕਿ ਦਸਤਾਵੇਜ਼ ਦਿਖਾਉਂਦੇ ਸਮੇਂ ਪਰਸ ਮੇਜ਼ ਉੱਤੇ ਰਹਿ ਗਿਆ ਸੀ।

ਆਟੋ ਵਾਲੇ ਕੋਲ ਖੜ੍ਹੀ ਮੈਂ ਸੋਚ ਰਹੀ ਸੀ ਕਿ ਉਸ ਨੂੰ ਕਹਾਂ ਕੀ। ਉਸ ਸਾਰੇ ਅਣਜਾਣ ਸ਼ਹਿਰ ਵਿੱਚ ਮੇਰਾ ਕੋਈ ਰਿਸ਼ਤੇਦਾਰ ਜਾਂ ਦੋਸਤ ਵੀ ਨਹੀਂ ਸੀ, ਜਿਸ ਨੂੰ ਮੈਂ ਉਸ ਸਮੇਂ ਆਪਣੇ ਕੋਲ ਬੁਲਾ ਕੇ ਉਸ ਆਟੋ ਚਾਲਕ ਦਾ ਕਿਰਾਇਆ ਤਾਰ ਦਿੰਦੀ। ਮੈਂ ਝਿਜਕਦੀ ਝਿਜਕਦੀ ਨੇ ਉਸ ਨੂੰ ਸਾਰੀ ਗੱਲ ਦੱਸੀ। ਗੱਲ ਸੁਣ ਕੇ ਆਟੋ ਚਾਲਕ ਕਹਿੰਦਾ ਕਿ ਉਸ ਪਾਸੇ ਉਸ ਦਾ ਗੇੜਾ ਨਹੀਂ ਹੈ। ਪਤਾ ਨਹੀਂ, ਇਹ ਮੇਰੇ ਚਿਹਰੇ ਦੀਆਂ ਉਡੀਆਂ ਹਵਾਈਆਂ ਦਾ ਕੋਈ ਅਸਰ ਸੀ ਜਾਂ ਕੁਝ ਹੋਰ, ਉਹ ਖੁਦ ਹੀ ਆਖਣ ਲੱਗਾ, ''ਐਨਾ ਜ਼ਰੂਰ ਕਰ ਸਕਦਾ ਹਾਂ ਕਿ ਤੁਹਾਨੂੰ ਕਿਸੇ ਦੂਸਰੇ ਆਟੋ ਵਿੱਚ ਬਿਠਾ ਦਿੰਦਾ ਹਾਂ।''

ਉਸ ਦੀ ਇਹ ਗੱਲ ਸੁਣ ਕੇ ਜਾਨ 'ਚ ਜਾਨ ਆਈ। ਉਸ ਵੇਲੇ ਉਹ ਮੇਰੇ ਲਈ ਕਿਸੇ ਫਰਿਸ਼ਤੇ ਤੋਂ ਘੱਟ ਨਹੀਂ ਸੀ। ਉਸ ਫਰਿਸ਼ਤੇ ਨੇ ਖੁਦ ਅੱਗੇ ਵਧ ਕੇ ਮੈਨੂੰ ਦੂਸਰੇ ਆਟੋ ਵਿੱਚ ਬਿਠਾਇਆ ਅਤੇ ਉਸ ਆਚੋ ਚਾਲਕ ਨੂੰ ਪੂਰੀ ਗੱਲ ਦੱਸ ਦਿੱਤੀ। ਮੈਂ ਬਿਨਾਂ ਕੁਝ ਬੋਲਿਆਂ, ਇਕਟੱਕ ਉਸ ਵੱਲ ਝਾਕ ਰਹੀ ਸਾਂ। ਮੇਰੇ ਕੋਲ ਤਾਂ ਉਸ ਫਰਿਸ਼ਤੇ ਦਾ ਧੰਨਵਾਦ ਕਰਨ ਲਈ ਸ਼ਬਦ ਵੀ ਨਹੀਂ ਸਨ। ਉਸ ਵੇਲੇ ਮੈਨੰ ਆਉਂਦੀਆਂ ਤਿੰਨ ਜ਼ੁਬਾਨਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵੀ ਮੇਰਾ ਸਾਥ ਨਾ ਦੇ ਸਕੀਆਂ। ਮੇਰੇ ਕੋਲ ਸ਼ਾਇਦ ਕੋਈ ਸ਼ਬਦ ਨਹੀਂ ਸੀ, ਜੋ ਔਕੜ ਦੀ ਉਸ ਘੜੀ ਵਿੱਚ ਉਸ ਦੀ ਇਸ ਮਦਦ ਲਈ ਉਸ ਨੂੰ ਕਹਿ ਸਕਦੀ। ਉਸ ਦੂਸਰੇ ਆਟੋ ਚਾਲਕ ਨੇ ਮੈਨੂੰ ਦਫਤਰ ਦੇ ਬਾਹਰ ਉਤਾਰਿਆ ਤੇ ਮੈਂ ਅੰਦਰੋਂ ਪਰਸ ਲਿਆ ਕੇ ਉਸ ਨੂੰ ਪੈਸੇ ਦੇ ਕੇ ਸਟੇਸ਼ਨ ਵਾਪਸੀ ਲਈ ਹੋਰ ਆਟੋ 'ਚ ਬੈਠ ਗਈ।

ਇਹ ਵਾਕਿਆ ਯਾਦ ਕਰ ਕੇ ਅੱਜ ਵੀ ਝੁਣਝੁਣੀ ਜਿਹੀ ਆ ਜਾਂਦੀ ਹੈ ਕਿ ਇੰਨੇ ਵੱਡੇ ਅਣਜਾਣ ਸ਼ਹਿਰ ਵਿੱਚ ਉਸ ਆਟੋ ਚਾਲਕ ਨੇ ਮੇਰੀ ਗੱਲ 'ਤੇ ਯਕੀਨ ਕਰ ਕੇ ਆਪਣੇ ਪੈਸਿਆਂ ਦੀ ਪ੍ਰਵਾਹ ਕੀਤੇ ਬਿਨਾਂ ਮੇਰੀ ਸਹਾਇਤਾ ਕੀਤੀ। ਜੇ ਉਹ ਮੇਰੇ 'ਤੇ ਯਕੀਨ ਨਾ ਕਰਦਾ ਤਾਂ ਉਸ ਵੇਲੇ ਮੈਂ ਕੀ ਕਰਦੀ? ਕਿਰਾਏ ਦੇ ਪੈਸੇ ਕਿੱਥੋਂ ਦਿੰਦੀ? ਖਬਰੇ ਕੀ ਭਾਣਾ ਵਰਤਦਾ? ਇਸ ਘਟਨਾ ਨੇ ਮੇਰਾ ਇਨਸਾਨੀਅਤ ਵਿੱਚ ਯਕੀਨ ਹੋਰ ਪੱਕਾ ਕਰ ਦਿੱਤਾ।

## ਹਲਕਾ ਫੁਲਕਾ

ਪੱਪੂ, ''ਦੋ ਪੱਖੇ ਦੇਣਾ, ਇੱਕ ਲੇਡੀਜ਼ ਤੇ ਇੱਕ ਜੈਂਟਸ।''
ਸੇਲਜ਼ਮੈਨ, ''ਪੱਖਿਆਂ ਵਿੱਚ ਲੇਡੀਜ਼ ਤੇ ਜੈਂਟਸ ਨਹੀਂ ਹੁੰਦਾ।''
ਪੱਪੂ, ''ਹੁੰਦਾ ਕਿਵੇਂ ਨਹੀਂ, ਇੱਕ ਬਜਾਜ ਦਾ ਦੇ ਦਿਓ ਤੇ ਇੱਕ ਊਸ਼ਾ ਦਾ।''

*********

ਪਤਨੀ, ''ਜੇ ਮੈਂ ਗੁਆਚ ਗਈ ਤਾਂ ਤੂੰ ਕੀ ਕਰੇਂਗਾ?''
ਪਤੀ, ''ਮੈਂ ਅਖਬਾਰ ਵਿੱਚ ਇਸ਼ਤਿਹਾਰ ਕਢਵਾ ਦੇਵਾਂਗਾ।''
ਪਤਨੀ, ''ਤੁਸੀਂ ਕਿੰਨੇ ਚੰਗੇ ਹੋ, ਚੰਗਾ ਦੱਸੋ ਕੀ ਲਿਖੋਗੇ?''
ਪਤੀ, ''ਜਿਸ ਨੂੰ ਮਿਲੇ, ਉਸੇ ਦੀ।''

*********

ਦੋ ਬੱਚੇ ਆਪਸ ਵਿੱਚ ਗੱਲਾਂ ਕਰ ਰਹੇ ਸਨ।
ਪਹਿਲਾ ਬੋਲਿਆ, ''ਮੇਰੇ ਦਾਦਾ ਜੀ 50 ਲੱਖ ਰੁਪਏ ਛੱਡ ਕੇ ਮਰੇ ਸਨ।''
ਦੂਜਾ, ''ਇਸ ਵਿੱਚ ਕਿਹੜੀ ਵੱਡੀ ਗੱਲ ਹੈ। ਮੇਰੇ ਦਾਦਾ ਜੀ ਸਾਰੀ ਦੁਨੀਆ ਛੱਡ ਕੇ ਗਏ ਹਨ।''

*********

ਨੀਰਜ, ''ਮੇਰਾ ਮੂੰਹ ਨਾ ਧੋਵੋ, ਬਹੁਤ ਠੰਢ ਹੈ।''
ਦਾਦੀ, ''ਬੇਟੇ, ਜਦੋਂ ਮੈਂ ਤੇਰੀ ਉਮਰ ਦੀ ਸੀ ਤਾਂ ਦਿਨ 'ਚ ਚਾਰ ਵਾਰ ਮੂੰਹ ਧੋਂਦੀ ਹੁੰਦੀ ਸੀ।''
ਨੀਰਜ, ''ਇਸੇ ਲਈ ਤਾਂ ਤੁਹਾਡਾ ਮੂੰਹ ਇੰਨਾ ਸੁੰਗੜ ਗਿਆ ਹੈ।''

*********

ਐਕਸੀਡੈਂਟ ਹੋਣ 'ਤੇ ਦੇਸ਼ਾਂ ਦੇ ਹਿਸਾਬ ਨਾਲ ਰਿਐਕਸ਼ਨ :
ਅਮਰੀਕਾ, ''ਓਮ ਮਾਈ ਗੌਡ!''
ਪਾਕਿਸਤਾਨ, ''ਯਾ ਅੱਲ੍ਹਾ!''
ਭਾਰਤ, ''ਆਇਆ ਮਜ਼ਾ, ਹੋਰ ਚਲਾ ਤੇਜ਼ ਗੱਡੀ।''

## ਮਿੰਨੀ ਕਹਾਣੀ

## ਜੇ ਬੀ ਟੀ ਕਾਰ

-ਬਲਵਿੰਦਰ ਬਾਲਮ

ਮਨੀਸ਼ ਇੱਕ ਪ੍ਰਾਇਮਰੀ ਸਕੂਲ ਵਿੱਚ ਜੇ ਬੀ ਟੀ ਅਧਿਆਪਕ ਸੀ। ਉਹ ਜੇ ਬੀ ਟੀ ਅਧਿਆਪਕ ਸਿਰਫ ਇਸ ਕਾਰ ਦੀ ਬਦੌਲਤ ਲੱਗਾ ਸੀ। ਇਹ ਕਾਰ ਨਾ ਹੁੰਦੀ ਤਾਂ ਉਹ ਜੇ ਬੀ ਟੀ ਅਧਿਆਪਕ ਨਹੀਂ ਸੀ ਲੱਗ ਸਕਦਾ। ਜਦ ਮਾਸਟਰ ਲੱਗਾ ਹੈ ਤਾਂ ਵੀ ਟੈਕਸੀ ਚਲਾਉਂਦਾ ਹੈ। ਉਸ ਦੇ ਸਕੂਲ ਦਾ ਮੁਖੀ ਬੜਾ ਮਿਹਰਬਾਨ ਹੈ। ਫਰਲੋ ਆਸਾਨੀ ਨਾਲ ਦੇ ਦਿੰਦਾ ਹੈ। ਮਨੀਸ਼ ਵੇਲੇ-ਕੁਵੇਲੇ ਮੁਖੀ ਨੂੰ ਪੱਠੇ ਪਾਉਂਦਾ ਰਹਿੰਦਾ ਹੈ ਜਿਸ ਕਰ ਕੇ ਮੁਖੀ ਉਸ ਨੂੰ ਫਰਲੋ ਉਤੇ ਰੱਖਦਾ ਹੈ। ਵੇਲੇ-ਕੁਵੇਲੇ ਮੁਖੀ ਵੀ ਉਸ ਦੀ ਕਾਰ ਵਰਤ ਲੈਂਦਾ ਹੈ। ਮਨੀਸ਼ ਤਾਂ ਕਾਰ ਦੀ ਬਦੌਲਤ ਹੀ ਸਭ ਕੁਝ ਹੈ। ਉਸ ਨੇ ਪਲੱਸ ਟੂ ਹਾਈ ਸੈਕਿੰਡ ਡਵੀਜ਼ਨ ਵਿੱਚ ਨਕਲ ਮਾਰ ਕੇ ਪਾਸ ਕੀਤੀ ਹੈ। ਚੁੱਕ ਚੁਕਾ ਕੇ ਉਸ ਨੇ ਚਲਦੀ ਕਾਰ ਮੁੱਲ ਲੈ ਲਈ ਸੀ ਅਤੇ ਕਾਰ ਨੂੰ ਟੈਕਸੀ ਦੇ ਤੌਰ 'ਤੇ ਚਲਾਉਣ ਲੱਗ ਪਿਆ ਸੀ।

ਇੱਕ ਦਿਨ ਉਸ ਦੇ ਇੱਕ ਰਿਸ਼ਤੇਦਾਰ ਨੇ ਉਸ ਨੂੰ ਕਿਹਾ, ''ਮਨੀਸ਼ ਹਫਤੇ ਦੇ ਹਫਤੇ ਗੁਆਂਢੀ ਰਾਜ ਵਿੱਚ ਕੁਝ ਲੜਕੇ-ਲੜਕੀਆਂ ਲੈ ਜਾਇਆ ਕਰੇਂਗਾ?'' ਉਸ ਨੇ ਹਾਂ ਕਰ ਦਿੱਤੀ। ਗੁਆਂਢੀ ਰਾਜ ਵਿੱਚ ਕੁਝ ਲੜਕੇ-ਲੜਕੀਆਂ ਜੇ ਬੀ ਟੀ ਦਾ ਕੋਰਸ ਕਰਦੇ ਸਨ ਅਤੇ ਹਫਤੇ ਬਾਅਦ ਹਾਜ਼ਰੀਆਂ ਲਾਉਣ ਜਾਂਦੇ ਸਨ ਅਤੇ ਇਮਤਿਹਾਨ ਦੇ ਦਿਨਾਂ ਵਿੱਚ ਪੇਪਰ ਦੇ ਆਉਂਦੇ ਸਨ। ਇੱਕ ਦਿਨ ਇੱਕ ਮੁੰਡੇ ਨੇ ਮਨੀਸ਼ ਨੂੰ ਕਿਹਾ, ''ਯਾਰ ਤੂੰ ਹਰ ਹਫਤੇ ਸਾਨੂੰ ਲੈ ਕੇ ਆਉਂਦੈ, ਤੂੰ ਵੀ ਦਾਖਲਾ ਭਰ ਦੇ। ਆਉਣਾ ਤਾਂ ਤੂੰ ਹੁੰਦਾ ਹੀ ਹੈ। ਸਿਰਫ ਹਾਜ਼ਰੀ ਲਾਉਣੀ ਹੈ। ਸਾਡੇ ਨਾਲ ਤੂੰ ਵੀ ਪੇਪਰ ਦੇ ਛੱਡੀਂ।'' ਮਨੀਸ਼ ਨੂੰ ਇਹ ਗੱਲ ਚੰਗੀ ਲੱਗੀ। ਉਸ ਨੇ ਲੇਟ ਫੀਸ ਨਾਲ ਜੇ ਬੀ ਟੀ ਵਿੱਚ ਦਾਖਲਾ ਲੈ ਲਿਆ। ਫਿਰ ਕੀ ਸੀ, ਹਫਤੇ ਬਾਅਦ ਹਾਜ਼ਰੀਆਂ ਲਗਾਉਣੀਆਂ ਅਤੇ ਸਾਲ ਬਾਅਦ ਪੇਪਰ ਦੇ ਦੇਣੇ। ਮਨੀਸ਼ ਨੇ ਵੀ ਝੂੰਘੇ ਵਿੱਚ ਹੀ ਜੇ ਬੀ ਟੀ ਕਰ ਲਈ ਸੀ।

# ਬਾਬਿਆਂ ਦੀ ਭਾਵਨਾ ਨੂੰ ਵੀ ਸਮਝੋ

-ਜੋਗਿੰਦਰ ਸਿੰਘ ਸਿਵੀਆਂ



ਸ਼ੌਕ ਨਾਲ ਬਣਾਈਆਂ ਤੇ ਰੀਝਾਂ ਨਾਲ ਸਜਾਈਆਂ ਚੀਜ਼ਾਂ ਦੀ ਜਦੋਂ ਭੰਨਤੋੜ ਹੁੰਦੀ ਹੈ ਤਾਂ ਦਿਲ 'ਤੇ ਕਹਿਰ ਢਹਿੰਦਾ ਹੈ, ਪਰ ਜੇ ਇਹ ਦੁੱਖ ਆਪਣੇ ਹੱਥੀਂ ਜੰਮੇ ਜਾਇਆ ਵੱਲੋਂ ਦਿੱਤਾ ਜਾਵੇ ਤਾਂ ਕਿਸ ਦੀ ਮਾਂ ਨੂੰ ਮਾਸੀ ਕਹੀਏ। ਖਾਸ ਤੌਰ 'ਤੇ ਬੁਢਾਪੇ ਵਿੱਚ ਜਾ ਕੇ ਜਦੋਂ ਨਵੀਂ ਤੇ ਪੁਰਾਣੀ ਪੀੜ੍ਹੀ ਦਾ ਟਕਰਾਅ ਹੁੰਦਾ ਹੈ ਤਾਂ ਕਮਜ਼ੋਰ ਤੇ ਨਿਤਾਣੇ ਸਰੀਰ ਨੂੰ ਆਪਣੀਆਂ ਭਾਵਨਾਵਾਂ ਤੇ ਜਜ਼ਬਾਤ ਨੂੰ ਅੰਦਰ ਹੀ ਰੋਕਣਾ ਪੈ ਜਾਂਦਾ ਹੈ ਤੇ ਸਮਝਿਆ ਜਾਂਦਾ ਹੈ ਕਿ ਬਾਹਲੀ ਗਈ ਤੇ ਥੋੜ੍ਹੀ ਰਹਿ ਗਈ। ਸ਼ਿਕਵੇ ਸ਼ਿਕਾਇਤਾਂ ਕਰਕੇ ਆਪਣਿਆਂ ਦੇ ਮਨ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੁੰਦਾ, ਪਰ ਅੰਦਰੋਂ-ਅੰਦਰੀ ਧੁਖਦਾ ਰਹਿੰਦਾ ਹਾਂ। ਜਿਉਂ-ਜਿਉਂ ਉਮਰ ਵਧਦੀ ਜਾਂਦੀ ਹੈ ਤਿਉਂ-ਤਿਉਂ ਘਰ ਤੋਂ ਦੂਰੀ ਵਧਣ ਲੱਗਦੀ ਹੈ। ਦੁੱਖ ਨੂੰ ਸੁਣਨ ਵਾਲਾ ਵੀ ਕੋਈ ਨਹੀਂ ਮਿਲਦਾ। ਭਾਵਨਾਵਾਂ ਦੇ 'ਕਤਲ' ਨੂੰ ਭਾਵਨਾਵਾਂ ਦਾ ਹਾਣੀ ਸਮਝ ਸਕਦਾ ਹੈ। ਦੂਜੇ ਲਈ ਤਾਂ ਇਹ 'ਪਾਖੰਡ' ਹੋਵੇਗਾ। ਕਸ਼ਟਾਂ ਨਾਲ ਬਣਾਇਆ ਠਰ ਪੁੱਤ ਨੂੰ ਜਦੋਂ ਪਸੰਦ ਨਹੀਂ ਆਉਂਦਾ ਤਾਂ ਬਾਪੂ ਦੀ ਜ਼ਿੰਦਗੀ ਨੂੰ ਨਰਕਾਂ ਦੀ ਤਰ੍ਹਾਂ ਜਿਊਣਾ ਆਖ ਕੇ ਕੋਠੀ ਪਾਉਣ ਲਈ ਕਹੀ ਚੁੱਕ ਲੈਂਦਾ ਤੇ ਚਾਵਾਂ ਨਾਲ ਬਣਾਈ ਬੈਠਕ ਨੂੰ ਮਲੀਆਮੇਟ ਕਰਕੇ ਬਾਪੂ ਵੱਲੋਂ ਕੱਟੀਆਂ ਔਖਿਆਈਆਂ ਨੂੰ ਅੱਖੋਂ ਪਰੋਖੇ ਕਰਕੇ ਉਸ ਦੀਆਂ ਭਾਵਨਾਵਾਂ ਦਾ ਕਤਲ ਕਰ ਦਿੰਦਾ ਹੈ।

ਬਾਪੂ ਕਿਸੇ ਕੋਲ ਜ਼ਿਕਰ ਕਰਨ ਦੀ ਥਾਂ ਅਤੀਤ ਦੀਆਂ ਹਲਚਲ ਮਚਾਉਂਦੀਆਂ ਯਾਦਾਂ ਦਾ ਗੁਲਾਮ ਬਣ ਕੇ ਰਹਿ ਜਾਂਦਾ ਹੈ। ਕੱਚੀ ਕੰਧ ਵਿੱਚ ਗੱਡੇ ਕਿੱਲੇ ਯਾਦ ਆਉਂਦੇ ਹਨ, ਜਿਨ੍ਹਾਂ 'ਤੇ ਉਹ ਪਰਾਣੀ ਅਤੇ ਬਲਦਾਂ ਦੇ ਨਾੜੇ ਟੰਗਿਆ ਕਰਦਾ ਸੀ। ਤੰਗੜ ਵੀ ਜੱਟ ਦੀ ਬੈਠਕ ਦੀ ਰੌਣਕ ਸੀ। ਵਿਆਹ ਵੇਲੇ ਦਾ ਰੰਗੀਨ ਪਾਵਿਆਂ ਦਾ ਪਲੰਘ ਯਾਦ ਆਉਂਦਾ ਹੈ, ਜਿਹੜਾ ਪੁੱਤ ਨੂੰ ਪਸੰਦ ਨਹੀਂ ਆਇਆ ਤੇ ਨਵੇਂ ਨਮੂਨੇ ਦਾ ਬੈਡ ਲੈ ਆਇਆ। ਸੂਤ ਨਾਲ ਬਣਿਆ ਪਲੰਘ ਤਾਂ ਸੱਤਰ ਸਾਲ ਬੀਤਣ ਦੇ ਬਾਵਜੂਦ ਨਵਾਂ ਨਰੋਆ ਪਿਆ ਸੀ। ਆਏ ਗਏ ਮਹਿਮਾਨਾਂ, ਰਿਸ਼ਤੇਦਾਰਾਂ, ਮਿੱਤਰਾਂ, ਪ੍ਰੇਮੀਆਂ ਦੀਆਂ ਵਿਆਹ ਸ਼ਾਦੀਆਂ ਵੇਲੇ ਮਹਿਫਲਾਂ ਇਸ ਬੈਠਕ ਦਾ ਸ਼ਿੰਗਾਰ ਬਣਦੀਆਂ ਤੇ ਸ਼ੁਗਲ ਪਾਣੀ ਚਲਦਾ ਬਾਪੂ ਨੂੰ ਯਾਦ ਆ ਕੇ ਬੇਚੈਨ ਕਰ ਦਿੰਦਾ ਹੈ। ਬੈਠਕ ਦੀ ਸਾਫ ਸਫਾਈ ਪਿੱਛੋਂ ਪੁੱਤ ਸਬਾਤ ਦਾ ਕਿਰਿਆ ਕਰਮ ਕਰਨ ਲਈ ਕਮਰ ਕੱਸ ਰਿਹਾ ਹੈ ਤਾਂ ਮਾਂ ਨੂੰ ਯਾਦ ਆਇਆ ਕਿ ਨਲਕੇ ਨਹੀਂ ਹੁੰਦੇ ਸਨ ਤੇ ਛੱਪੜ ਤੋਂ ਸਿਰਾਂ 'ਤੇ ਪਾਣੀ ਢੋ ਕੇ ਗਾਰਾ ਬਣਾਉਂਦੇ ਸੀ ਤੇ ਕੱਚੇ ਗੁੰਮਿਆਂ ਨਾਲ ਸਬਾਤ ਦੀਆਂ ਕੰਧਾਂ ਕੱਢੀਆਂ ਸਨ। ਮੱਕੀਆਂ ਵਾਲੇ ਖੇਤ ਦੀ ਬੇਰੀ ਵੱਢ ਕੇ ਮਜ਼ਬੂਤ ਲਟੈਣ ਬਣਾਈ ਸੀ। ਮੈਂ ਕੱਚੀਆਂ ਕੰਧਾਂ ਦੇ ਕਦੇ ਵੀ ਲਿਉੜ ਡਿੱਗਣ ਨਹੀਂ ਸਨ ਦਿੱਤੇ। ਸਬਾਤ ਦੇ ਕੱਚਾ ਚੌਂਤਰਾ (ਫਰਸ਼) ਲਿੱਪ ਪੋਚ ਕੇ ਰੱਖਿਆ ਕਰਦੀ ਸੀ। ਪੁੱਤ ਦੀ ਕੋਠੀ ਪੈਂਦੀ ਵੇਖ ਕੇ ਮਾਂ ਭਾਵੇਂ ਬਹੁਤ ਖੁਸ਼ ਹੈ, ਪਰ ਦੋ ਬੰਦੇ ਲਾ ਕੇ ਪੁੱਤ ਜਦੋਂ ਬੇਬੇ ਦਾ ਸੰਦੂਕ ਬਾਹਰ ਕੱਢ ਰਿਹਾ ਹੈ ਤੇ ਆਖ ਰਿਹਾ ਹੈ, 'ਮਾਂ ਉਹ ਕਿਹੋ ਜਿਹੇ ਲੋਕ ਸਨ। ਇਨ੍ਹਾਂ ਲੱਕੜ ਦੇ ਸੰਦੂਕਾਂ ਤੋਂ ਕੀ ਕਰਾਉਣਾ ਸੀ?' ਤਦ ਮਾਂ ਨੂੰ ਬਹੁਤ ਦੁੱਖ ਹੋਇਆ। ਸੰਦੂਕ ਦੀ ਤਾਂ ਮਾਂ ਨਾਲ ਸਾਰੀ ਉਮਰ ਦੀ ਭਾਈਵਾਲੀ ਹੁੰਦੀ ਹੈ। ਸਬਾਤ ਦੇ ਖੂੰਜੇ ਪਈ ਬੇਬੇ ਦੀ ਚੱਕੀ ਨੂੰ ਦੋ ਮਜ਼ਦੂਰ ਚੁੱਕ ਕੇ ਬਾਹਰ ਲਿਆ ਰਹੇ ਹਨ, ਜਿਸ 'ਤੇ ਵੇਲੇ ਕੁਵੇਲੇ ਬੇਬੇ ਦਾਲ ਦਲਿਆ ਕਰਦੀ ਸੀ। ਪੁੱਤ ਨੂੰ ਵਿਰਸੇ ਦੀਆਂ ਇਨ੍ਹਾਂ ਗੱਲਾਂ ਦਾ ਕੀ ਪਤਾ ਹੈ ਕਿ ਦਾਦੀ ਮਾਂ ਸੂਰਜ ਦੀ ਟਿੱਕੀ ਚੜ੍ਹਨੋਂ ਪਹਿਲਾਂ ਸਾਰੇ ਟੱਬਰ ਦੇ ਲਈ ਆਟਾ ਪੀਹ ਕੇ ਰੋਟੀ ਪਕਾਇਆ ਕਰਦੀ ਸੀ ਤੇ ਪਿੰਡ ਵਿੱਚ ਆਟਾ ਚੱਕੀ ਨਹੀਂ ਲੱਗੀ ਸੀ। ਸਬਾਤ ਦੇ ਬਾਹਰ ਇਕ ਪਾਸੇ ਲੱਗੀ ਹੋਈ ਉਖਲੀ ਦੀ ਵੀ ਲੋੜ ਨਹੀਂ ਸਮਝੀ ਜਾ ਰਹੀ ਤੇ ਹਾਰਿਆਂ ਦੀ ਵੀ ਹੋਣੀ ਆ ਗਈ।

ਤੋਤੇ, ਮੋਰ ਚਿੜੀਆਂ ਨਾਲ ਸਜਾਈ, ਲਿੱਪੀ ਪੋਚੀ ਕੰਧਵੀ ਵੀ ਆਖਰੀ ਸਾਹਾਂ 'ਤੇ ਹੈ। ਮਸੋਸੀ ਹੋਈ ਮਾਂ ਨੂੰ ਦੇਖ ਕੇ ਧੀਰਜ ਧਰਾਉਣ ਲਈ ਪੁੱਤ ਆਖਦਾ ਹੈ, 'ਮਾਂ ਅੱਜ ਕੱਲ੍ਹ ਇਨ੍ਹਾਂ ਦਾ ਰਿਵਾਜ ਨਹੀਂ ਰਿਹਾ। ਆਪਾਂ ਗੈਸ ਦੀ ਵਰਤੋਂ ਕਰਿਆ ਕਰਾਂਗੇ।' ਨੀਹਾਂ ਭਰਨ ਵੇਲੇ ਬਾਬੇ ਦੇ ਹੱਥਾਂ ਦੀ ਵਿਹੜੇ 'ਚ ਲੱਗੀ ਨਿੰਮ 'ਤੇ ਕੁਹਾੜਾ ਖੜਕ ਰਿਹਾ ਹੈ, ਜਿਸ ਨਾਲ ਮਾਂ ਅਤੇ ਦਾਦੀ ਮਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਸਨ, ਜਿਸ ਦੀ ਗੂੜ੍ਹੀ ਛਾਂ ਥੱਲੇ ਕੁੜੀਆਂ ਚਿੜੀਆਂ ਛੋਪ ਕੱਤਿਆ ਕਰਦੀਆਂ ਹਨ। ਦਾਦੀ ਮਾਂ ਗਲੋਟੇ ਅਟੇਰਿਆ ਕਰਦੀ ਸੀ। ਦੁਪਹਿਰ ਨੂੰ ਪਸ਼ੂ ਵੀ ਠੰਢੀ ਛਾਂ ਦਾ ਆਨੰਦ ਮਾਣਦੇ ਹਨ। ਉਹ ਸਿਰਫ ਅੱਜ ਦੀ ਪ੍ਰਾਹੁਣੀ ਹੈ। ਬਾਬੇ ਨੇ ਇਹ ਨਿੰਮ ਛੱਪੜ ਤੋਂ ਪਾਣੀ ਢੋ ਕੇ ਪੁੱਤਾਂ ਵਾਂਗੂ ਕਸ਼ਟਾਂ ਨਾਲ ਉਡਾਰ ਕੀਤੀ ਸੀ। ਪਸ਼ੂਆਂ ਦੀਆਂ ਖੁਰਲੀਆਂ ਪੁੱਟੀਆਂ ਜਾ ਰਹੀਆਂ ਹਨ ਤੇ ਕਿੱਲੇ ਉਖਾੜੇ ਜਾ ਰਹੇ ਹਨ। ਬਾਪੂ ਆਖਦਾ ਹੈ, 'ਬੇਟਾ ਘਰ ਦਾ ਦੁੱਧ ਚੰਗਾ ਹੁੰਦਾ ਹੈ। ਘਰ ਦੇ ਦੁੱਧ ਵਰਗੀ ਰੀਸ ਨਹੀਂ।' 'ਪਸ਼ੂ ਸਾਂਭਣੇ ਔਖੇ ਹਨ। ਇਨ੍ਹਾਂ ਦਾ ਗੋਹਾ ਚੁੱਕਣਾ ਵੀ ਮੁਸ਼ਕਲ ਹੈ। ਆਪਾਂ ਤਾਂ ਕਿਲੋ ਮੁੱਲ ਲੈ ਲਿਆ ਕਰਾਂਗੇ।' ਮੁੰਡਾ ਬਾਪ ਦਾਦੇ ਦੀ ਕੋਈ ਵੀ ਨਿਸ਼ਾਨੀ ਘਰ ਰੱਖਣੀ ਨਹੀਂ ਚਾਹੁੰਦਾ। ਐਥੇ ਕਾਰ, ਐਥੇ ਸਕੂਟਰ ਖੜਿਆ ਕਰਨਗੇ। ਸਕੀਮਾਂ ਬਣਾ ਰਿਹਾ ਪੁੱਤ, ਘਰ ਨੂੰ ਨਵੇਂ ਨਮੂਨੇ ਦਾ ਬਣਾਉਣ ਖਾਤਰ ਵਿਰਸੇ ਨੂੰ ਸੰਭਾਲਣਾ ਜਾਂ ਯਾਦ ਰੱਖਣਾ ਬੇਲੋੜਾ ਸਮਝਦਾ ਹੈ। ਬਾਪੂ ਸੋਚਦਾ ਹੈ ਕਿ ਕੰਮ ਕਰਨ ਤੋਂ ਬਿਨਾਂ ਚਾਰ ਕਿੱਲੇ ਪੈਲੀ, ਉਹ ਵੀ ਵਿਕ ਜਾਵੇਗੀ।

ਰਾਤੀਂ ਬਾਪੂ ਬੇਬੇ ਨੂੰ ਅਤੀਤ ਦੀਆਂ ਯਾਦਾਂ ਸੁਪਨਿਆਂ ਦੇ ਰੂਪ ਵਿੱਚ ਆ ਕੇ ਬੇਚੈਨ ਕਰਦੀਆਂ ਹਨ। ਬਾਪੂ ਦੇ ਦੁੱਖਾਂ ਵਿੱਚ ਵਾਧਾ ਹੋ ਜਾਂਦਾ ਹੈ, ਜਦੋਂ ਇਕੋ-ਇਕ ਪੁੱਤ ਘਰ ਵੇਚ ਕੇ ਸ਼ਹਿਰ ਰਹਿਣ ਦੀ ਜ਼ਿੱਦ ਫੜ ਲੈਂਦਾ ਹੈ। ਬਾਪੂ ਨੂੰ ਆਪਣਾ ਗੁਆਂਢੀ ਜੰਟਾ ਯਾਦ ਆਉਂਦਾ ਹੈ ਜਿਹੜਾ ਪਿੰਡ ਦੀ ਸਾਰੀ ਜਾਇਦਾਦ ਵੇਚ ਕੇ ਸ਼ਹਿਰ ਰਹਿਣ ਲੱਗ ਜਾਂਦਾ ਹੈ। ਪਿੰਡ ਦਾ ਵਿਛੋੜਾ ਨਾ ਝੱਲਦੀ ਹੋਈ ਉਸ ਦੀ ਮਾਂ ਸਾਲ ਦੇ ਅੰਦਰ ਹੀ ਰੱਬ ਨੂੰ ਪਿਆਰੀ ਹੋ ਗਈ ਸੀ। ਸ਼ਹਿਰ ਉਸ ਦਾ ਜੀਅ ਨਹੀਂ ਲੱਗਿਆ ਸੀ। ਪਿੰਡ ਦੀ ਵਾਤ ਪਾਉਣ ਲਈ ਤਰਸਦੀ ਮਰ ਗਈ।

ਆਪਣੀ ਜਾਇਦਾਦ ਤੇ ਹਾਣੀਆਂ ਦਾ ਵਿਛੋੜਾ ਸਹਾਰਨਾ ਹੰਝੂ ਕੇਰਨ ਦੇ ਸਮਾਨ ਹੁੰਦਾ ਹੈ। ਦੁੱਖ ਸਾਂਝਾ ਕਰਨ ਵਾਲਾ ਕੋਈ ਨੇੜੇ ਤੇੜੇ ਨਹੀਂ ਹੁੰਦਾ। ਕੰਧਾਂ ਨਾਲ ਗੱਲਾਂ ਕਰਨ ਦੀ ਨੌਬਤ ਆ ਜਾਂਦੀ ਹੈ। ਦੁੱਖਾਂ ਦਾ ਕਹਿਰ ਹੋਰ ਟੁੱਟ ਪੈਂਦਾ ਹੈ। ਕੋਈ ਪੁੱਤ, ਪੋਤਾ ਵਿਦੇਸ਼ ਜਾਣ ਦੀ ਜ਼ਿੱਦ ਕਰਦਾ ਹੈ ਤਾਂ ਦਾਦੀ ਦੀ ਹਾਲਤ ਉਹੋ ਜਾਣਦੀ ਹੈ। ਬਜ਼ੁਰਗ ਆਪਣੀਆਂ ਭਾਵਨਾਵਾਂ ਅੰਦਰ ਹੀ ਦਬਾਅ ਲੈਂਦੇ ਹਨ। ਉਨ੍ਹਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਘਰ ਦੀ ਕੋਈ ਚੀਜ਼ ਨਜ਼ਰ ਨਹੀਂ ਪੈਂਦੀ। ਫਿਰ ਉਨ੍ਹਾਂ ਦੇ ਅੰਤਿਮ ਸਮੇਂ ਨੂੰ ਟਾਲਿਆ ਨਹੀਂ ਜਾ ਸਕਦਾ। ਆਖਰ ਰੱਬ ਵੀ ਬਜ਼ੁਰਗਾਂ ਨਾਲ ਘੱਟ ਨਹੀਂ ਕਰਦਾ। ਉਨ੍ਹਾਂ ਵਿੱਚੋਂ ਇਕ ਅਗੇਤਾ ਪਛੇਤਾ ਤੁਰ ਜਾਵੇ ਤਾਂ ਬਾਕੀ ਰਹਿੰਦੀ ਉਮਰ ਇਕੱਲੇ ਨੂੰ ਕੱਟਣੀ ਬਹੁਤ ਔਖੀ ਹੋ ਜਾਂਦੀ ਹੈ। ਆਸੇ ਪਾਸੇ ਧਿਆਨ ਮਾਰਦਾ ਹੈ ਤਾਂ ਸਭ ਰਾਹ ਪਏ ਨਜ਼ਰ ਆਉਂਦੇ ਹਨ। ਮੋਹ ਸਾਰਿਆਂ ਨਾਲੋਂ ਭੰਗ ਹੋਣ ਲੱਗਦਾ ਹੈ। ਬੁਢਾਪੇ 'ਚ ਆ ਕੇ ਪਤੀ ਪਤਨੀ ਵੀ ਵੰਡੇ ਜਾਂਦੇ ਹਨ। ਅੰਦਰ ਭਾਂਬੜ ਬਲ ਉਠਦੇ ਹਨ ਤੇ ਇਹ ਸੇਕ ਅਕਿਹ ਤੇ ਅਸਹਿ ਹੋ ਜਾਂਦਾ ਹੈ, ਜਿਸ ਦੀ ਬਦੌਲਤ ਉਹ ਕਾਲਜੇ 'ਚ ਮੁੱਕੀ ਦੇ ਕੇ ਅੱਗੇ ਜਾਣ ਲਈ ਰੱਬ ਨੂੰ ਸਹਿਮਤੀ ਭੇਜਦੇ ਹਨ। ਸਭ ਕੁਝ ਹੁੰਦਿਆਂ ਸੁੰਦਿਆਂ ਘਰ ਖਾਲੀ ਪ੍ਰਤੀਤ ਹੁੰਦਾ ਹੈ। ਜਦੋਂ ਭਾਵਨਾਵਾਂ ਖਤਮ ਹੋ ਗਈਆਂ ਤਾਂ ਮਨੁੱਖ ਜਿਉਂਦਾ ਵੀ ਮੋਇਆਂ ਬਰਾਬਰ ਹੁੰਦਾ ਹੈ। ਭਾਵਨਾਵਾਂ ਦਾ ਜੇ ਕੋਈ ਹਾਣੀ ਹੋਵੇ ਤਾਂ ਬਜ਼ੁਰਗਾਂ ਦਾ ਮਰਨ ਕੁਝ ਸਮੇਂ ਲਈ ਅੱਗੇ ਪਾਇਆ ਜਾ ਸਕਦਾ ਹੈ।

# ਡੂੰਘਾ ਵਾਹ ਲਈ ਹਲ ਵੇ, ਤੇਰੀ ਘਰੇ ਨੌਕਰੀ

-ਤਰਸੇਮ ਸਿੰਘ ਭੰਗੂ-



ਪੰਜਾਬੀ ਭਾਸ਼ਾ ਵਿੱਚ ਬਹੁਤ ਸ਼ਬਦ ਅਜਿਹੇ ਹਨ ਜੋ ਦੂਜੀਆਂ ਭਾਸ਼ਾਵਾਂ ਵਿੱਚੋਂ ਆਏ ਹਨ। ਉਨ੍ਹਾਂ ਸ਼ਬਦਾਂ ਦਾ ਪੰਜਾਬੀ ਨਾਲ ਇੰਨਾ ਗੂੜ੍ਹਾ ਸਬੰਧ ਬਣ ਚੁੱਕਾ ਹੈ ਕਿ ਉਹ ਖਾਲਸ ਪੰਜਾਬੀ ਦੇ ਸ਼ਬਦ ਹੀ ਲੱਗਦੇ ਹਨ। ਫਾਰਸੀ ਭਾਸ਼ਾ 'ਚੋਂ ਆਇਆ ਸ਼ਬਦ ਨੌਕਰ ਵੀ ਇਨ੍ਹਾਂ ਵਿੱਚੋਂ ਇਕ ਹੈ। ਨੌਕਰ ਦਾ ਭਾਵ ਚਾਕਰ ਜਾਂ ਤਨਖਾਹ ਲੈਣ ਵਾਲਾ ਸੇਵਕ ਹੈ ਜੋ ਸਿਰ ਝੁਕਾ ਕੇ ਸਿਰਫ ਹੁਕਮ ਮੰਨਣ ਲਈ ਹੁੰਦਾ ਹੈ। ਨੌਕਰ ਦਾਸ ਨੂੰ ਵੀ ਕਿਹਾ ਜਾਂਦਾ ਹੈ। ਮਾਲਕ ਅਤੇ ਨੌਕਰ ਦੀ ਪ੍ਰਥਾ ਯੁੱਗਾਂ ਤੋਂ ਚੱਲੀ ਆਈ ਹੈ। ਨੌਕਰ ਸ਼ਬਦ ਤ੍ਰਿਸਕਾਰ ਅਤੇ ਸਤਿਕਾਰ ਦਾ ਵੀ ਪਾਤਰ ਹੈ। ਅਨੇਕਾਂ ਅਦਾਰੇ ਹਨ ਜਿਥੇ ਕੰਮ ਕਰਦੇ ਮੈਨੇਜਰ ਤੋਂ ਲੈ ਕੇ ਚਪੜਾਸੀ ਤੱਕ ਨੌਕਰ ਹਨ।

ਨੌਕਰ ਸ਼ਬਦ ਦੇ ਅਰਥ ਦੀ ਸਮਝ ਥੋੜ੍ਹੀ ਉਦੋਂ ਪਈ ਜਦੋਂ ਮੇਰਾ ਚਾਚਾ ਸਰਕਾਰੀ ਨੌਕਰ ਬਣਨ ਮਗਰੋਂ ਪੂਰੇ ਇਕ ਸਾਲ ਬਾਅਦ ਘਰ ਮੁੜਿਆ। ਉਹ ਫੌਜੀ ਸੀ। ਜਦੋਂ ਉਹ ਹਰੀ ਵਰਦੀ ਪਾਈ ਛੁੱਟੀ ਆਉਂਦਾ ਤਾਂ ਬਹੁਤ ਚੰਗਾ ਲੱਗਦਾ। ਮੈਂ ਵਰਦੀ ਵੇਖ ਕੇ ਸੋਚਦਾ ਕਿ ਮੈਂ ਵੀ ਫੌਜੀ ਬਣਾਂਗਾ। ਚਾਚੇ ਨੂੰ ਜਦੋਂ ਕੋਈ ਮਿਲਦਾ ਤਾਂ ਪੁੱਛਦਾ, 'ਸੁਣਾ ਬਈ ਨੌਕਰਾ, ਕਿੰਨੀ ਛੁੱਟੀ ਆਇਐਂ?' ਕੋਈ ਪੁੱਛਦਾ, 'ਫੌਜੀਆਂ ਅੱਜ ਕੱਲ੍ਹ ਕਿੱਥੇ ਨੌਕਰੀ ਐ?' ਚਾਚਾ ਸਭ ਨੂੰ ਵੱਖਰੇ-ਵੱਖਰੇ ਜੁਆਬ ਦਿੰਦਾ।

ਥੋੜ੍ਹਾ ਸਿਆਣਾ ਹੋਇਆ ਤਾਂ ਪਤਾ ਲੱਗਾ ਕਿ ਜਿਸ ਨੂੰ ਵੀ ਕੰਮ ਕਰਨ ਦੇ ਇਵਜ਼ਾਨੇ ਵਜੋਂ ਪੈਸੇ ਜਾਂ ਕੋਈ ਸਮੱਗਰੀ ਮਿਲਦੀ ਹੈ, ਉਸ ਨੂੰ ਨੌਕਰ ਕਿਹਾ ਜਾਂਦਾ ਹੈ। ਵੱਡੇ ਅਫਸਰਾਂ ਜਿਵੇਂ ਆਈ ਪੀ ਐਸ, ਪੀ ਸੀ ਐਸ ਅਤੇ ਆਈ ਏ ਐਸ ਨੂੰ ਨੌਕਰਸ਼ਾਹ ਕਿਹਾ ਜਾਂਦਾ ਹੈ ਜੋ ਸਰਕਾਰਾਂ ਚਲਾਉਣ ਵਿੱਚ ਮਦਦ ਕਰਦੇ ਹਨ। ਸਿਆਸੀ ਲੋਕ ਅਫਸਰਾਂ ਨੂੰ ਆਪਣੀ ਮਰਜ਼ੀ ਮੁਤਾਬਕ ਵਰਤਦੇ ਵੀ ਹਨ। ਆਜ਼ਾਦ ਬੰਦਾ ਕਹੇਗਾ, 'ਮੈਂ ਤੇਰੇ ਪਿਉ ਦਾ ਨੌਕਰ ਲੱਗਾਂ! ਐਵੇਂ ਰੋਅਬ ਝਾੜੀ ਜਾਨੈ।'

ਆਜ਼ਾਦੀ ਦੀ ਕੋਈ ਕੀਮਤ ਨਹੀਂ, ਨੌਕਰੀ ਦਾ ਮੁੱਲ ਮਿਲਦਾ ਹੈ। ਨੌਕਰ ਸ਼ਬਦ ਦੀ ਪੰਜਾਬੀ ਸੱਭਿਆਚਾਰ ਨਾਲ ਗੂੜ੍ਹੀ ਸਾਂਝ ਹੈ। ਨੌਕਰ ਦੇ ਜ਼ਿਆਦਾ ਦੇਰ ਘਰੋਂ ਬਾਹਰ ਰਹਿਣ ਦੀ ਤਰਜ਼ਮਾਨੀ ਕਰਦੀ ਇਹ ਲੋਕ ਬੋਲੀ ਹੀ ਕਾਫੀ ਹੈ:

ਨੌਕਰ ਨੂੰ ਨਾ ਦੇਈਂ ਬਾਬਲਾ ਹਾਲੀ
ਪੁੱਤ ਬਥੇਰੇ,
ਮੈਂ ਤੈਨੂੰ ਵਰਜ ਰਹੀ ਦੇਈਂ ਨਾ
ਬਾਬਲਾ ਫੇਰੇ।

ਅੰਗਰੇਜ਼ੀ ਹਕੂਮਤ ਵੇਲੇ ਫੌਜ ਵਿੱਚ ਬਹੁਤੇ ਪੰਜਾਬੀਆਂ ਨੂੰ ਲੜਾਈ ਦੀ ਅੱਗ ਵਿੱਚ ਝੋਕ ਦਿੱਤਾ ਗਿਆ ਜੋ ਲਾਮ ਦੀ ਜੰਗ ਦੇ ਨਾਂ ਨਾਲ ਕਾਫੀ ਪ੍ਰਸਿੱਧ ਹੋਈ। ਚਿੱਠੀ ਪੱਤਰ ਲਈ ਕੋਈ ਅਤਾ ਪਤਾ ਨਹੀਂ ਮਿਲਦਾ ਸੀ। ਫਿਰ ਫੌਜੀ ਦੀ ਪਤਨੀ ਚਿੱਠੀ ਕਿੱਥੇ ਪਾਵੇ? ਉਹ ਚਿੱਠੀਆਂ ਉਡੀਕਦੀ ਆਪਣੇ ਦਿਲ ਦਾ ਗੁਬਾਰ ਇੰਜ ਕੱਢਦੀ, 'ਮਾਹੀ ਮੇਰਾ ਲਾਮ ਨੂੰ ਗਿਆ ਨੀਂ ਮੈਂ ਚਿੱਠੀਆਂ ਕਿੱਧਰ ਨੂੰ ਪਾਵਾਂ?'

'ਨੌਕਰ ਜਾਂਦੇ ਕੀ ਖੱਟ ਲਿਆਂਦੇ' ਲੋਕ ਬੋਲੀ ਵਿੱਚ ਨੌਕਰੀ ਵਾਲੇ ਤੋਂ ਖੱਟ ਕੇ ਲਿਆਉਣ ਦੀ ਆਸ ਰੱਖੀ ਜਾਂਦੀ ਹੈ।

ਬਹੁਤ ਜ਼ਿਆਦਾ ਕੁਝ ਲਿਆਉਣ ਦੀ ਆਸ 'ਤੇ ਪਿੰਡ ਵਿੱਚ ਆਪਣੇ ਘਰ ਵਾਲੇ ਦੇ ਖਾਸ ਟੌਹਰ ਦੀ ਉਮੀਦ ਕਰਦੀ ਹੋਈ ਕੋਈ ਮੁਟਿਆਰ ਇੰਜ ਕਾਨੀ ਕੱਸਦੀ ਮਿਹਣਾ ਵੀ ਮਾਰਦੀ ਹੈ, 'ਚੜ੍ਹਦੇ ਚੇਤਰ ਗਿਓਂ ਨੌਕਰੀ ਆਇਓਂ ਮਹੀਨਾ ਜੇਠ, ਵੇ ਤੂੰ ਨੌਕਰ ਕਾਹਦਾ ਘੋੜਾ ਨਾ ਤੇਰੇ ਹੇਠ। ਵੇ ਤੂੰ ਨੌਕਰ ਕਾਹਦਾ..।'

'ਹਾਂ, ਜੇ ਉਹ ਸਿਆਸੀ (ਸੇਵਾਦਾਰ) ਨੌਕਰ ਹੁੰਦਾ ਤਾਂ ਤਿੰਨੀਂ ਮਹੀਨੇ ਹੇਠ ਹੈਲੀਕਾਪਟਰ ਵੀ ਹੋ ਸਕਦਾ ਸੀ।

ਕੋਈ ਜੋਬਨ ਮੱਤੀ ਮੁਟਿਆਰ ਵਿਛੋੜੇ ਦਾ ਦਰਦ ਹੰਢਾਉਂਦੀ ਆਪਣੇ ਖਾਵੰਦ ਦੀ ਨੌਕਰੀ ਨੂੰ ਦੋ ਟਕਿਆਂ ਦੀ ਕਹਿ ਕੇ ਨਕਾਰਦੀ ਲੱਖਾਂ ਦਾ ਸਾਉਣ ਲੰਘ ਜਾਣ ਦੀ ਗੱਲ ਕਰਦੀ ਹੈ। ਨੌਕਰੀ ਪੈਸੇ ਕਮਾ ਕੇ ਆਪਣੀ ਆਰਥਿਕਤਾ ਸਾਵੀਂ ਕਰਨ ਲਈ ਕੀਤੀ ਜਾਂਦੀ ਹੈ, ਪਰ ਇਕ ਲੋਕ ਆਖਣ ਨੌਕਰੀ ਨੂੰ ਨਖਿੱਧ ਕਹਿ ਕੇ ਨਕਾਰਦਾ ਹੈ, 'ਉਤਮ ਖੇਤੀ ਮੱਧਮ ਵਪਾਰ, ਨਖਿੱਧ ਚਾਕਰੀ ਭੀਖ ਦੁਆਰ।' ਅੱਜ ਖੇਤੀ ਘਾਟੇ ਵੰਦੀ ਬਣ ਕੇ ਨਖਿੱਧ ਹੋ ਗਈ ਹੈ, ਵਪਾਰ ਮੁਨਾਫੇ ਦਾ ਧੰਦਾ ਬਣ ਗਿਆ ਹੈ। ਚਾਕਰੀ ਨਖਿੱਧ ਕਹੀ ਗਈ ਹੈ, ਫਿਰ ਵੀ ਹਰੇਕ ਕਰਨੀ ਚਾਹੁੰਦਾ ਹੈ। ਸਿਆਸੀ ਲੋਕ ਆਪਣੇ ਆਪ ਨੂੰ ਲੋਕਾਂ ਦੇ ਨੌਕਰ ਆਖਦੇ ਹਨ। ਇਹ ਵੱਖਰੀ ਗੱਲ ਹੈ ਕਿ ਨੌਕਰ ਬਣ ਕੇ ਸੈਕੜੇ ਨੌਕਰ ਰੱਖਣ ਕੇ ਰੋਅਬ ਚਲਾਉਂਦੇ ਹਨ। ਕੋਈ ਨੌਕਰ ਰੱਖਣ ਵਾਸੇਤ ਉਸ ਦੀ ਸਰੀਰਕ ਸਮਰੱਥਾ ਅਤੇ ਅਕਾਦਮਿਕ ਯੋਗਤਾ ਪਰਖੀ ਜਾਂਦੀ ਹੈ, ਪਰ ਸਿਆਸੀ (ਸੇਵਕਾਂ) ਨੌਕਰਾਂ ਲਈ ਕੋਈ ਵੀ ਮਾਪਦੰਡ ਲਾਗੂ ਨਹੀਂ ਹੁੰਦਾ। ਅੱਜ ਕੱਲ੍ਹ ਸਤਿਕਾਰਤ ਸ਼ਬਦਾਂ 'ਚ ਨੌਕਰੀ ਨੂੰ ਸਰਵਿਸ ਕਿਹਾ ਜਾਂਦਾ ਹੈ। ਜੇ ਕਿਹਾ ਜਾਵੇ ਕਿ ਮੁੰਡ ਸਰਕਾਰੀ ਸਰਵਿਸ ਕਰਦਾ ਹੈ ਤਾਂ ਰਿਸ਼ਤਾ ਹੱਸ ਕੇ ਵਧੀਆ ਮਿਲਦਾ ਹੈ। ਜੇ ਕਿਹਾ ਜਾਵੇ ਕਿਸੇ ਸਰਦਾਰ ਦੇ ਨੌਕਰ ਹੈ ਤਾਂ ਕੋਈ ਨਹੀਂ ਪੁੱਛਦਾ।

ਇਕ ਵੇਲਾ ਆਇਆ, ਜਦੋਂ ਅੰਗਰੇਜ਼ਾਂ ਨੇ ਆਲਮੀ ਜੰਗ 'ਚ ਝੋਕਣ ਵਾਸਤੇ ਪਿੰਡਾਂ ਵਿੱਚੋਂ ਚੁਣ-ਚੁਣ ਨੌਜਵਾਨ ਭਰਤੀ ਕੀਤੇ ਸਨ। ਕਿਸੇ ਸ਼ਾਇਰ ਨੇ ਉਸ ਵੇਲੇ ਦੀ ਤਸਵੀਰ ਇੰਜ ਕਲਮਬੰਦ ਕੀਤੀ ਹੈ:

ਭਰਤੀ ਹੋ ਜਾਣਾ, ਬਾਹਰ ਖੜੇ
ਰੰਗਰੂਟ।
ਇਥੇ ਤਾਂ ਖਾਂਦੇ ਓ ਸੁੱਕੀਆਂ
ਰੋਟੀਆਂ, ਉਥੇ ਮਿਲਣ ਫਰੂਟ,
ਇਥੇ ਤਾਂ ਪਾਉਂਦੇ ਓ ਟੁੱਟੇ ਛਿੱਤਰ,
ਉਥੇ ਮਿਲਣ ਜ਼ੁਰਾਬਾਂ ਬੂਟ,
ਇਥੇ ਤਾਂ ਪਾਉਂਦੇ ਓ ਪਾਟੇ ਕੱਪੜੇ,
ਉਥੇ ਮਿਲਣਗੇ ਸੂਟ,
ਭਰਤੀ ਹੋ ਜਾਣਾ..।

ਸਰਕਾਰੀ ਨੌਕਰੀ ਨੂੰ ਨਕਾਰਦੀ ਆਪਣੇ ਜਵਾਨ ਪਤੀ ਨੂੰ ਰੋਕਦੀ ਸੱਜ ਵਿਆਹੀ ਮੁਟਿਆਰ ਇੰਜ ਕਹਿੰਦੀ ਹੈ- 'ਡੂੰਘਾ ਵਾਹ ਲਈ ਹਲ ਵੇ, ਤੇਰੀ ਘਰੇ ਨੌਕਰੀ।' ਅੱਜ ਕੱਲ੍ਹ ਬਹੁਤੀਆਂ ਜ਼ਮੀਨਾਂ ਦਾ ਮਾਲਕ ਵੀ ਹਲ ਵਾਹੁਣ ਨਾਲੋਂ ਵਿਦੇਸ਼ ਜਾਣ ਜਾਂ ਸਰਕਾਰੀ ਨੌਕਰੀ ਨੂੰ ਹੀ ਪਹਿਲ ਦਿੰਦਾ ਹੈ।

ਉਂਜ ਨੌਕਰ ਤਖੱਲਸ ਖਾਸ ਕਰਕੇ ਫੌਜੀ ਨਾਲ ਜੁੜਦਾ ਸੀ ਤੇ ਮਾਣ ਸਤਿਕਾਰ ਦਾ ਪਾਤਰ ਵੀ ਹੁੰਦਾ ਸੀ ਕਿਉਂਕਿ ਫੌਜੀ ਸਾਲ ਬਾਅਦ ਕਾਫੀ ਪੈਸੇ ਲੈ ਕੇ ਘਰ ਮੁੜਦਾ ਸੀ। ਜ਼ਿਆਦਾ ਦੇਰ ਘਰੋਂ ਬਾਹਰ ਰਹਿਣ ਕਰਕੇ ਸਾਰੇ ਉਸ ਨੂੰ ਪਿਆਰ ਕਰਦੇ ਸਨ। ਨੌਕਰ ਦਾ ਮਤਲਬ ਸੇਵਾਦਾਰ ਵੀ ਹੁੰਦਾ ਹੈ ਜੋ ਬਣਨਾ ਬਹੁਤ ਮੁਸ਼ਕਿਲ ਹੈ। ਜੇ ਹਰੇਕ 'ਚ ਸੇਵਾ ਭਾਵਨਾ ਆ ਜਾਵੇ ਤਾਂ ਸਵਰਗ ਆਪਣੇ ਆਪ ਸਿਰਜਿਆ ਜਾਵੇ। ਉਂਜ ਹਨ ਸਾਰੇ ਨੌਕਰ ਹੀ, ਪਰ ਫਰਕ ਸਿਰਫ ਵੱਡੇ ਛੋਟੇ ਦਾ ਹੈ। ਨੌਕਰ ਬਣਕੇ ਰਾਜਿਆਂ ਵਾਲੇ ਸ਼ੌਕ ਪਾਲਣ ਵਾਲਿਆਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਰਾਜਾ ਵੀ ਪਰਦਾ ਦਾ ਨੌਕਰ ਹੁੰਦਾ ਹੈ। ਉਸ ਨੂੰ ਇਹੀ ਸਮਝਣਾ ਕਾਫੀ ਹੈ ਕਿ ਨੌਕਰ ਕੀ ਤੇ ਨਖਰ ਕੀ।

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
DENTISTRY
Squire Ellis Dr
Countryside Dr

ਸਾਬਾ ਟਰੈਵਲ ਐਂਡ ਟੂਰ ਵਲੋਂ 550ਵੇਂ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਦਰਸ਼ਨ ਦੀਦਾਰ ਯਾਤਰਾ
- 1st class air-condition Transportation
- 4 Star Hotels
- Breakfast, lunch & Dinner
e-mail:surprisefares@rogers.com
Special Attractions include: Sikh gallery Lahore Museum, Various Gurughars, Shopping Tour Anarkali & Auriga Liberty Center Gulberg
Hotel Package | 7 Days............. CAD865 | 9 Days............. CAD 965
- ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ,
- ਗੁਰਦੁਆਰਾ ਪੱਟੀ ਸਾਹਿਬ,
- ਗੁਰਦੁਆਰਾ ਬਾਲ ਲੀਲਾ ਸਾਹਿਬ,
- ਗੁਰਦੁਆਰਾ ਸੱਚਾ ਸੌਦਾ ਸਾਹਿਬ
ਅਤੇ ਹੋਰ ਵੀ ਕਈ ਗੁਰੂਘਰਾਂ ਦੇ ਦਰਸ਼ਨ ਲਈ
ਸੰਪਰਕ ਕਰੋ:416 926 8250
Security & First Aid will be provided!
208-1555 Kingston rd, Pickering L1V 0E9 | 103-100 Dynamic Drive Toronto M1V 5C4

## OUR PLAN TO PUT MORE MONEY IN YOUR POCKET:

- Scrapping the Carbon Tax
- EI Maternity and Parental Benefits
  Savings of up to $4,000
- Green Public Transit Tax Credit
  Savings of up to $1,000
- Universal Tax Reduction
  Savings of up to $850/couple per year

**VOTE OCT 21st, 2019**



SARABJIT
**KAUR**

ETOBICOKE NORTH

sarabjitkaur.ca | 416.748.9696 | @ElectSarabjitK
1753 Albion Road, Unit #9, Etobicoke, ON
Off: 416.743.5710

IT'S TIME FOR you TO GET AHEAD
CONSERVATIVE

AUTHORIZED BY THE OFFICIAL AGENT OF SARABJIT KAUR

## REXDALE BODY SHOP

USED CAR SALE

CHEEMA
LOWEST PRICE IN TOWN

Specialization In:
- ★ All Kinds of Body Work
- ★ Auto Glass Windshield
- ★ Denting, Painting & Welding

SPECIAL PAINT JOB $779
RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

Call Rick or Manminder Cheema: 416.749.9596 /416.951.6431

Towing Service Car Paint Starts $799*upto 100% Deductible Paid*

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## APEX

CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi

## Tri-City

Professional Realty Inc., Brokerage

Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8

Avtar Singh Tiwana
Sales Rep.

FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109



www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!
*Some Conditions Apply

#1 Top Ranked Broker
Call For a Quick & Free Home Evaluation
www.BramptonQuickHomeEvaluation.com
**2016,2015,2014,2013 **(2009,2008) 2012,2011,2010)**RE/MAX International **(2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON

ਟੋਰਬਰੈਮ / ਬਵੇਰਡ
ਸਪਰਿੰਗਡੇਲ ਨੇੜੇ, ਸ਼ਾਨਦਾਰ ਤੇ ਸਾਫ ਸੁਥਰਾ 4 ਬੈਡਰੂਮ +3 ਵਾਸ਼ਰੂਮ ਦਾ ਡਿਟੈਚ ਘਰ। unspoiled ਬੇਸਮੈਂਟ, ਚਮਕਦਾਰ ਲੇਮੀਨੇਟਡ ਫਲੋਰ ਤੇ ਸਟੇਨਡ ਓਕ ਸਟੇਅਰਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ-ਸੂਟ ਤੇ ਵਾਕ ਇੰਨ ਕਲੋਜ਼ਿਟ, SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

BRAMPTON

ਕੰਟਰੀਸਾਈਡ/ਮਕਵੀਨ
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON

ਬਵੇਰਡ/ਚਿੰਗੁਜੀ
SOLD AT 100% OF ASKING PRICE

BRAMPTON

ਵੈਨਲੈਸ/ ਮੇਕਲਾਗਲਿਨ
SOLD AT 100% OF ASKING PRICE IN 1 DAY

BRAMPTON

ਵੇਨਲੈਸ / ਵੇਨ-ਕ੍ਰਿਕ
ਬਹੁਤ ਹੀ ਸ਼ਾਨਦਾਰ, ਖੁਲ੍ਹਾ-ਡੁਲ੍ਹਾ ਤੇ ਡਿਟੈਚ ਡਬਲ ਸਟੋਰੀ ਟਾਊਨ-ਹਾਊਸ। 4+2 ਬੈਡਰੂਮ, 4 ਵਾਸ਼ਰੂਮ ਤੇ ਬੇਸਮੈਂਟ ਨੂੰ ਗਰਾਜ ਤੋਂ ਸੇਪਰੇਟ ਏਂਟਰੈਂਸ। ਓਕ ਸਟੇਅਰ ਕੇਸ, ਹਾਰਡਵੁਡ ਫਲੋਰ, ਪੋਟ ਲਾਇਟ ਤੇ ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ ਤੇ ਕਲੋਜ਼ਟ। SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ





Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ


ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Call Us For Guaranteed Lowest Airfare
ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



RE-ELECT
Liberal
SONIA SIDHU
BRAMPTON SOUTH

ਹਰ ਵਰਗ ਨੂੰ ਮੁੱਖ ਰੱਖਦੇ ਹੋਏ ਲਿਬਰਲ ਪਾਰਟੀ ਵੱਲੋਂ ਨਵਾਂ ਪਲੈਟਫਾਰਮ ਜਾਰੀ ਕੀਤਾ ਗਿਆ ਹੈ, ਤਾਂ ਕਿ ਹਰ ਕਿਸੇ ਕੋਲ ਵਧੀਆ ਭਵਿੱਖ ਅਤੇ ਸਹੂਲਤਾਂ ਹੋਣ।

- ਕਾਲਜ/ਯੂਨੀਵਰਸਿਟੀ ਜਾਣ ਵਾਲੇ ਕੈਨੇਡੀਅਨ ਵਿਦਿਆਰਥੀਆਂ ਲਈ ਸਸਤੀ ਪੜ੍ਹਾਈ
- ਸਸਤੀਆਂ ਦਵਾਈਆਂ ਲਈ ਯੂਨੀਵਰਸਲ ਫਾਰਮਾਕੇਅਰ
- ਮਿਡਲ ਕਲਾਸ ਲਈ ਟੈਕਸ ਘਟਾਉਣੇ
- ਸੈਲ ਫੋਨ ਦੇ ਬਿੱਲ 25% ਘਟਾਉਣੇ
- ਸੀਨੀਅਰਜ਼ ਦੀ ਪੈਨਸ਼ਨ 'ਚ ਹੋਰ ਵਾਧਾ

ਕਿਉਂਕਿ ਲਿਬਰਲ ਪਾਰਟੀ ਕੈਨੇਡੀਅਨਜ਼ 'ਚ ਇਨਵੈਸਟ ਕਰਨ 'ਚ ਵਿਸ਼ਵਾਸ ਕਰਦੀ ਹੈ, ਕੱਟ ਲਗਾਉਣ ਅਤੇ ਝੂਠੇ ਵਾਅਦਿਆਂ 'ਚ ਨਹੀਂ।
21 ਅਕਤੂਬਰ ਨੂੰ, ਬ੍ਰੈਂਪਟਨ ਦੇ ਵਧੀਆ ਭਵਿੱਖ ਲਈ ਲਿਬਰਲ ਪਾਰਟੀ ਨੂੰ ਵੋਟ ਪਾਓ!



CHOOSE FORWARD

(289) 498-0180
info@sonialiberal.ca
205 County Court Blvd.
/soniasidhuliberal
@SoniaSidhu
@soniaLiberal

sonialiberal.ca
Authorized by the Official Agent for Sonia Sidhu.



IFS INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677
IFS